॥ ਸਭ ਹਕ ਪ੍ਰਕਾਸ਼ਕ ਦੇ ਸਦਾ ਲਈ ਰਾਖਵੇਂ ਹਨ ॥

੧ਓ ਸਤਿਗੁਰ ਪ੍ਰਸਾਦਿ ॥

ਪੋਥੀ

# ਭਾਵ੍ਰਸਾਂਮ੍ਰਿਤ

## ਸਟੀਕ

ਟੀਕਾਕਾਰ—

ਗਿਆਨੀ ਬਿਸ਼ਨ ਸਿੰਘ ਜੀ

ਖਾਲਸਾ ਕਾਲਜ, ਅੰਮ੍ਰਿਤਸਰ

ਪ੍ਰਕਾਸ਼ਕ—

ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ

ਐਂਡ ਕੋ: ਪੁਸਤਕਾਂ ਛਾਪਣ ਤੇ ਵੇਚਣ ਵਾਲੇ

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

ਛੇਵੀਂ ਵਾਰ

ਮੂਲ ३)

Sri Satguru Jagjit Singh Ji Elibrary NamdhariElibrary@gmail.com

੧ੴ ਸਤਿਗੁਰਪ੍ਰਸਾਦਿ ॥

ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਅਥ ਟੀਕਾ ਭਾਵਰ ਸਾਂਮ੍ਰਿਤ ਕਾ ਕ੍ਰਿਤ ਕਵਿਰਾਜ ਬਿਸ਼ਨ ਸਿੰਘ ਗਯਾਨੀ ਲਿਖਯਤੇ ।

## ਅਥ ਮੰਗਲ ਟੀਕਾਕਾਰ ਕੋ ॥ ਦੋਹਿਰਾ ॥

ਵਿਘਨ ਨ ਛੇਦੀ ਸਦਾ ਮਮ ਖੇਦੀ ਖੇਦਨ ਬ੍ਰਿੰਦ ॥
ਬੇਦੀ ਕੁਲ ਕੇ ਚੰਦ ਜੋ ਚਰਨ ਨਵੇਦੀ ਬੰਦ ॥੧॥
ਅਤਿ ਬਚਿੱਤ੍ਰ ਕਰ ਨਰ ਕਲਿਤ੍ਰ ਜਿਹ ਤਾਰ ॥
ਤਾਂਕਿ ਚਿੱਤ੍ਰ ਪਵਿੱਤ੍ਰ ਪਦ ਕਰਹੌਂ ਨਿੱਤ ਜੁਹਾਰ ॥੨॥
ਤੁਰਕਨ ਕੁਲ ਕੁਲ ਕਲ ਗੁਰੂ ਕਲਜੁਗ ਮ੍ਰਿਗਹੋਸਿੰਘ॥
ਮਾਰ ਖਪਾਇ ਪਲਕ ਮੈਂ ਜੈ ਗੁਰੂ ਗੋਬਿੰਦ ਸਿੰਘ ॥੩॥

## ਨਰਾਜ ਛੰਦ ॥

ਸੁ ਸੂਰ ਮਾਨ ਸੂਰ ਹੈ ਵਿਤਾਰ ਸੇ ਵਿਤਾਰ ਹੈ ।
ਗੁਰੂ ਸਮਾਨ ਹੈ ਗੁਰੂ ਭੁਪਾਰ ਸੇ ਭੁਪਾਰ ਹੈ ।
ਕਲੰਕ ਟੰਕ ਬੰਕਨਾ ਨਿਸੰਕ ਕਾਟ ਫੰਦਨਾ ।
ਗੁਰੂ ਗੋਬਿੰਦ ਸਿੰਘ ਕੇ ਪਦਾਰ ਬਿੰਦ ਬੰਦਨਾ ॥ ੪ ॥
ਨਿਹਾਰ ਪਾਦ ਰਾਵਰੇ ਬਰੱਗ ਪਾਪ ਜਾਤ ਹੈ ।
ਸੰਕੋਮਲੰ ਸਵਾਰ ਸੇ ਪਦਾਰ ਤੇ ਸੁਹਾਤ ਹੈ ।
ਸੁਪਾਨਜਾ ਬਿਰਾਜਤੇ ਮਨੋ ਸੁ ਚੰਦ ਚੰਦਨਾ ।
ਗੁਰੂ ਗੋਬਿੰਦ ਸਿੰਘ ਕੇ ਪਦਾਰ ਬਿੰਦ ਬੰਦਨਾ ॥ ੫ ॥

## ਦੋਹਿਰਾ ॥

ਜਿਨ ਕੇ ਚਰਨ ਪ੍ਰਤਾਪ ਤੇ ਭਯੋ ਸੋ ਮੈਂ ਕਵਿਰਾਜ ।
ਜਿਨ ਕੇ ਚਰਨ ਸਰੋਜ਼ ਕੋ ਭਯੋ ਸੁ ਅਲਿ ਮੈਂ ਆਜ ॥੬॥
ਸੰਤ ਰੂਪ ਜਿਨ ਧਾਰ ਕੇ ਤਾਰੇ ਸੰਤ ਮਹਾਨ ।
ਸੰਤ ਸਿੰਘ ਸੋ ਗੁਰੂ ਮਮ ਸੰਤ ਸਰੂਪ ਪਛਾਨ ॥੭॥
ਭਾਵਰ ਸਾਂਮ੍ਰਿਤ ਗ੍ਰੰਥ ਕੀ ਟੀਕਾ ਕਰ ਮਨ ਚਾਹਿ ।

Sri Satguru Jagjit Singh Ji Elibrary NamdhariElibrary@gmail.com

ਹੇ ਸਤਿਗੁਰੂ ਮਮ ਪੂਰਨੰ ਵਿਘਨ ਪਵੇ ਕੋ ਨਾਹਿ ॥ ੮ ॥
ਦੋ ਅਤਿ ਗ੍ਰੰਥ ਸੁ ਕਠਨ ਹੈ ਮਮ ਤਤਿ ਅਕਲ ਸੁ ਮੰਦ ।
ਕਾਬਜ ਕੋਸ਼ ਵੇਦਾਂਤ ਕੋ ਨਾ ਬਲ ਛੰਦਾਂ ਬੰਦ ॥ ੯ ॥
ਏ ਜਹਾਜ ਤਵ ਆਸਰੇ ਦਿਯਾ ਸਿੰਧ ਮੈਂ ਠੇਲ ।
ਮੀਂਹ ਤੁਫਾਨ ਅੰਧੇਰੇ ਤੇ ਕਰਿਯੋ ਪਾਰ ਧਕੇਲ ॥੧੦॥
ਪਾਂਡਵ ਰਸ ਗ੍ਰਹ ਸਸਿ ਅਹੇ ਸੰਮਤ ਸਾਵਨ ਮਾਸ ।
ਪੂਰਨ ਪੜਵਾ ਵਾਰ ਕੁਜ ਟੀਕਾ ਕੀਨ ਪ੍ਰਕਾਸ਼ ॥੧੧॥

## ਉਥਾਨਕਾ ॥

ਸ੍ਰੀ ਮਾਨ ਭਾਈ ਸਾਹਿਬ ਭਾਈ ਗੁਲਾਬ ਸਿੰਘ ਜੀ ਬੜੇ ਯਤਨ ਨਾਲ ਕਾਂਸ਼ੀ ਵਿਚ ਜਾ ਕਰਕੇ ਵਿਦਯਾ ਪੜ੍ਹੀ ਅਤੇ ਬਹੁਤ ਗ੍ਰੰਥ ਸੰਸਕ੍ਰਿਤ ਵਿਚੋਂ ਭਾਸ਼ਾ ਵਿਚ ਕੀਤੇ ਫਿਰ ਪੰਡਿਤਾਂ ਕੋ ਬਹੁਤ ਚਿੰਤਾ ਹੂਈ ਕਿ ਸਾਡੀ ਜੋ ਵਿਦਯਾ ਸੀ ਸੋ ਭਾਸ਼ਾ ਵਿਚ ਹੋ ਗਈ ਤਾਂ ਤੇ ਸਾਡਾ ਰਿਜ਼ਕ ਮਾਰਿਆ ਗਿਆ ਹੈ ਕਿਉਂਕਿ ਲੋਕ ਆਪ ਹੀ ਗ੍ਰੰਥਾਂ ਵਿਚੋਂ ਦੇਖ ਪੜ੍ਹ ਲਿਆ ਕਰਨਗੇ ਐਸੇ ਵਿਚਾਰ ਭਾਈ ਜੀ ਦੇ ਡੇਰੇ ਪੰਡਤ ਆਏ ਤਾਂ ਭਾਈ ਗੁਲਾਬ ਸਿੰਘ ਜੀ ਕਿਤੇ ਬਾਹਰ ਗਏ ਹੋਇ ਸੀ ਤਾਂ ਪੰਡਿਤਾਂ ਛਲ ਕਰਕੇ ਭਾਈ ਸਾਰਿਬ ਕੇ ਗੁਰੂ ਮਾਨ ਸਿੰਘ ਹੋਰਾਂ ਤੋਂ ਪੁਛਿਆ ਕਿ ਗੁਲਾਬ ਸਿੰਘ ਜੀ ਕਹਾਂ ਗਏ ਹੋਏ ਨੇ ਤਾਂ ਮਾਨ ਸਿੰਘ ਜੀ ਆਖਿਆ ਕਿਤੇ ਕੰਮ ਗਏ ਹੋਏ ਨੇ ਤਾਂ ਪੰਡਿਤ ਬੈਠ ਗਏ ਸ੍ਰੀਮਾਨ ਮਾਨ ਸਿੰਘ ਜੀ ਨੇ ਬੜੀ ਖਾਤਰ ਕੀਤੀ ਤਾਂ ਆਖਿਆ ਜੀ ਤੁਸੀਂ ਕੰਮ ਦਸੋ ਅਸੀਂ ਹੀ ਤੁਹਾਡਾ ਕੰਮ ਕਰਨੇ ਹਾਂ ਤਾਂ ਪੰਡਿਤ ਕਹਿਆ ਜੀ ਓਹਨਾਂ ਗੋਚਰਾ ਹੀ ਕੰਮ ਹੈ ਤਾਂ ਫਿਰ ਮਾਨ ਸਿੰਘ ਜੀ ਕਿਹਾ ਨਹੀਂ ਤੁਸੀਂ ਕਹੋ ਤਾਂ ਸਹੀ ਤਾਂ ਪੰਡਿਤਾਂ ਕਿਹਾ ਜੀ ਬਚਨ ਦੇਵੋ ਤਾਂ ਕਹਿੰਦੇ ਹਾਂ ਫਿਰ ਮਾਨ ਸਿੰਘ ਜੀ ਧਰਮਾਤਮਾ ਮੇਂ ਛਲ ਨਹੀਂ ਸੀ ਜਾਣਦੇ ਕਹਿ ਬੈਠੇ ਕਹੋ ਭਾਈ ਬਚਨ ਤੁਹਾਨੂੰ ਦਿਤਾ ਤਾਂ ਪੰਡਿਤਾਂ ਕਹਾ ਜੀ ਜਿਤਨੇ ਗਰੰਥ ਹਨ ਗੁਲਾਬ ਸਿੰਘ ਹੋਰਾਂ ਦੇ ਸੋ ਸਾਨੂੰ ਬਖਸ਼ ਦੇਵੋ ਤਾਂ ਗੁਰਾਂ ਨੇ ਚਿੰਤਾ ਤਾਂ ਬੜੀ ਕੀਤੀ ਪਰ ਬਚਨ ਕਰ ਚੁਕੇ ਹਨ, ਏ ਸੰਤਾਂ ਕਾ ਕੰਮ ਹੈ ਸਿਰ ਜਾਇ ਪਰ ਬਚਨ ਨਾ ਜਾਇ ਸੋ ਮਾਨ ਸਿੰਘ ਜੀ ਨੇ ਸਾਰੇ ਗ੍ਰੰਥ ਕਢ ਕੇ ਦੇ ਦਿਤੇ ਤਾਂ ਪੰਭਿਤਾਂ ਸਭ ਦਰੀਆਉ ਵਿਚ ਰੋੜ ਦਿਤੇ, ਏਹ ਗ੍ਰੰਥ ਕੋਈ ਸਰੀਰ ਪੜਨ ਵਾਸਤੇ ਬਾਹਰ ਲੈ ਗਏ ਹੋਇ ਸੀ ॥ ਭਾਵਰਸਾਂਮ੍ਰਿਤ ੧ ਮੋਖ ਪੰਥ ੨ ਪਰਬੋਧ ਚੰਦਰ ਨਾਟਕ ੩ ਅਧਯਾਤਮ ਰਮਾਇਣ ੪ ॥

Sri Satguru Jagjit Singh Ji Elibrary NamdhariElibrary@gmail.com

ੴ ਸਤਿਗੁਰਪ੍ਰਸਾਦਿ ॥

## ਅਥ ਗ੍ਰੰਥ ਕਰਤਾ ਕੋ ਮੰਗਲਾਚਰਨ

**ਸ੍ਵੈਯਾ ॥ ਸੇਤ ਕਰੇ ਜਿਨ ਸਾਗਰ ਪੈ ਸਭ ਦੇਵਨ ਦੇ ਦੂਖ ਦੂਰ ਮਿਟਾਏ। ਰਾਵਣ ਕੇ ਦਸ ਸੀਸ ਕਟੇ ਸੁ ਵਿਭੀਖਨ ਕੇ ਸਿਰ ਛੱਤ੍ਰ ਫਿਰਾਏ। ਗੋਤਮ ਨਾਰਿ ਉਧਾਰਿ ਕਰੀ ਮਿਥਲਾ ਪਤਿ ਕੇ ਜਿਨ ਭੌਨ ਸੁਹਾਏ। ਸੀਯ ਸਮੇਤ ਨਮੋ ਤਿਨਕੋ ਇਕ ਆਸਨ ਬੈਠ ਮਹਾਂ ਹਰਿਖਾਏ ॥ ੧ ॥**

ਟੀਕਾ—ਪੁਲ ਬੰਨ ਕੇ ਜਿਨਾਂ ਨੇ ਸਮੁੰਦਰ ਉਤੇ ਤੇ ਦੇਵਤਿਆਂ ਕੇ ਦੁਖ ਦੂਰ ਕੀਤੇ ੧। ਰਾਵਨ ਕੇ ੧੦ ਸਿਰ ਕਟੇ ਅਤੇ ਭਭੀਖਨ ਕੇ ਸਿਰ ਤੇ ਛਤ੍ਰ ਫਿਰਾਇਆ ੨। ਰਿਖੀ ਕੀ ਇਸਤ੍ਰੀ ਕੋ ਉਧਾਰਿਆ ਤੇ ਜਨਕ ਰਾਜਾ ਕੇ ਘਰ ਪਵਿੱਤ੍ਰ ਕੀਤੇ ੩। ਸੀਤਾ ਕੇ ਸੰਜੁਗਤ ਤਿਨਾਂ ਕੋ ਬੰਦਨਾ ਕਰੋ ਇਕ ਆਸਨ ਤੇ ਜੋ ਬੈਠੇ ਖੁਸ਼ੀ ਹੈਂ ੪।

ਦੂਜਾ ਅਰਥ ॥ ਇਸ ਸੰਸਾਰ ਸਮੁੰਦਰ ਉਤੇ ਨਾਮ ਦਾ ਪੁਲ ਬੰਨਿਆ ਅਤੇ ਜੋ ਉੱਤਮ ਕੰਮ ਕਰਨ ਵਾਲੇ ਸੀ ਤਿਨਕਾ ਉਧਾਰ ਕੀਤਾ, ਜਨਮ ਮਰਨ ਕਾ ਦੁਖ ਦੂਰ ਕੀਤਾ ੧ ਰਾਵਨ ਜੋ ਹੰਕਾਰੀ ਸੀ ਤਿਸਕੇ ਦਸ ਸਿਰ ਕਟੇ ਕਾਮ ਕਰੋਧ ਲੋਭ ਮੋਹ ਹੰਕਾਰ ਸ਼ਬਦ ਸਪਰਸ ਰੂਪ ਰਸ ਗੰਧ ਭਭੀਖਨ ਪਰੇਮ ਤਿਸਕੇ ਸਿਰ ਜਸ ਰੂਪੀ ਛੱਤ੍ਰ ਫਿਰਾਇਆ ਤੇ ਗੋ, ਇੰਦ੍ਰੀਆਂ, ਤਮ, ਅੰਧਕਾਰ, ਨਾਰਿ, ਬੁਧੀ ਤਿਸਕਾ ਉਧਾਰ ਕੀਤਾ ਸਾਂਤੀ ਕਾ ਸੁਾਮੀ ਸੰਤੋਖ ਤਿਸਕਾ ਘਰ ਅੰਤਸ਼ਕਰਨ ਪਵਿਤਰ ਕੀਤਾ ਇਸ ਈਸ਼ਵਰ ਕੋ ਸੀਤਲ ਤਾਈ ਕੇ ਸੰਜੁਗਤ ਦੇਖ ਕਰ ਬੰਦਨਾ ਕਰੋ ਜੋ ਬੈਠ ਕੇ ਸੁਖ ਪਾਂਵਦਾ ਹੈ ਵੈਕੁੰਠ ਅਸਥਾਨ ਵਿਚ ॥ ੧ ॥

**ਸ੍ਵੈਯਾ ॥ ਕਲਿਕੇ ਸਭ ਦੂਖ ਨਿਵਾਰਨ ਕੋ ਭਵ ਤਾਰਨ ਕੋ ਜਗ ਭੀਤਰ ਆਏ। ਜਗ ਜੀਰਣ ਸਾਧਨ ਦੂਰ ਕਰੇ ਦ੍ਰਿੜ ਸਾਧਨ ਰਾਮਹਿ ਨਾਮ ਬਤਾਏ। ਤਜ ਭੋਗ ਰਮੇ ਹਰਿ ਮਾਹਿ ਭਲੇ ਸਭ ਸੇਵਕ ਕੇ ਦੁਖ ਦੂਰ ਮਿਟਾਏ। ਕਰੁਣਾਨਿਧਿ ਨਾਨਕ ਕੇ ਪਦ ਮੰਜੁਲ ਬੰਦਤ ਹੌਂ ਮਮ ਨੀਤ ਸਹਾਏ ॥ ੨ ॥**

Sri Satguru Jagjit Singh Ji Elibrary NamdhariElibrary@gmail.com

ਟੀਕਾ—ਸੰਸਾਰ ਵਿਚ ਆਕਰ ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਲਜੁਗ ਕੇ ਸਾਰੇ ਦੁਖ ਦੂਰ ਕੀਤੇ ਅਤੇ ਸੰਸਾਰ ਉਤੋਂ ਤਾਰਿਆ ਜੀਵਾਂ ਕੋ ਫਿਰ ਦੇਸ ਦੇਸ ਫਿਰਕੇ, ਇਸ ਕਾਰਨ ਜਗਤ ਵਿਚ ਆਏ ਜਗਤਕੇ, ਜੀਰਨ, ਸਾਧਨ ਪੰਚ ਧੂਣੀਆਂ ਜਲਧਾਰਾ ੧ ਕਪਾਲੀ ੨ ਆਸਨ ਜਪ ਤਪ ਆਦਿਕ ਕੋ ਕਠਨ ਸਾਧਨ ਦੂਰ ਕਰ ਸਿਧਾਂ ਰਸਤਾ ਪ੍ਰਮੇਸਰ ਕੇ ਨਾਮ ਦਾਂ ਦਸਿਆ ਛਡ ਕੇ ਸੰਸਾਰ ਕੇ ਸਵਾਦਾਂ ਕੇ ਦੇਸ ਬਿਦੇਸ ਗੁਰੂ ਜੀ ਗਏ ਜੀਵਾਂ ਕੇ ਉਧਾਰ ਕਰਨ ਕੋ ਅਤੇ ਦਾਸਾਂ ਕੇ ਦੁਖ ਦੂਰ ਕੀਤੇ ਕ੍ਰਿਪਾ ਕੇ ਸਮੁੰਦਰ ਜੋ ਹਨ ਗੁਰੂ ਨਾਨਕ ਦੇਵ ਜੀ ਤਿਨਾ ਕੇ ਚਰਨ ਕਮਲਾਂ ਕੋ ਮੈਂ ਬੰਧਨਾਂ ਕਰਤਾ ਹੂੰ ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਮੈਨੂੰ ਨਿਤ ਹੀ ਅਛੇ ਸੋਭਨੀਕ ਲਗਦੇ ਹਨ ॥ ੨ ॥

**ਸ੍ਵੈਯਾ-ਜਿਹ ਨਾਮ ਉਚਾਰਨ ਦੂਖ ਮਿਟੇ ਸੁਖ ਸੰਪਤਿ ਹੋਇ ਸਦਾ ਗ੍ਰਿਹਿ ਵਾਸੀ। ਕ੍ਰਿਤ ਪੂਰਬ ਪਾਪ ਪਿਟੇ ਸਭ ਹੀ ਅਰਿ ਕੌ ਦਲ ਹੋਇ ਸਭੈ ਖਿਨ ਨਾਸੀ। ਹਿਤ ਮਾਨਵ ਦੇਹ ਧਰੀ ਜਗ ਮੈਂ ਤਰਿ ਪੂਰਨ ਰੂਪ ਸਦਾ ਅਬਿਨਾਸ਼ੀ। ਗੁਰ ਗੋਬਿੰਦ ਕੇ ਪਦ ਪੰਕਜ ਸੇ ਸੁਭ ਜੋ ਉਰ ਮੇਂ ਨਿਤ ਜੋਤ ਪ੍ਰਕਾਸ਼ੀ ॥ ੩ ॥**

ਟੀਕਾ—ਜਿਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਾ ਨਾ ਉਚਾਰਨ ਕਰਕੇ ਦੁਖ ਜਨਮ ਮਰਨ ਕਾ ਦੂਰ ਹੁੰਦਾ ਹੈ ਸੁਖ ਅਤੇ ਸੰਪਤਿ ਘਰ ਵਿਚ ਨਿਤ ਹੀ ਪ੍ਰਕਾਸ਼ ਹੁੰਦੀ ਹੈ, ਕੀਤੇ ਹੋਏ ਪਾਪ ਪਿਛਲੇ ਦੂਰ ਹੁੰਦੇ ਹਨ ਸਾਰੇ ਜਿਨਾਂ ਕਾ ਨਾਮ ਉਚਾਰਨ ਸੇ, ਫਿਰ ਜਿਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸ਼ੱਤਰੂਆਂ ਕੇ ਦਲਾਂ ਕੇ ਦਲ ਏਕ ਛਿਨ ਵਿਚ ਨਾਸ ਕੀਤੇ ਹਨ, ਜੀਵਾਂ ਕੇ ਉਧਾਰ ਲੀਏ ਆਪ ਅਵਤਾਰ ਧਾਰਿਆ ਭਾਵ ਗਰੀਬਾਂ ਬ੍ਰਾਹਮਣਾਂ ਆਦਿਕ ਦੀ ਰਖਿਆ ਵਾਸਤੇ ਪ੍ਰੰਤੂ ਪੂਰਨ ਪੁੰਨਿਆ ਕੇ ਚੰਦਰਮਾਵਤ ਜਗਤ ਵਿਚ ਪ੍ਰਕਾਸ਼ ਕੀਤਾ ਫਿਰ ਜਿਨ ਕਾਂ ਰੂਪ ਨਾਸ ਤੇ ਰਹਿਤ ਹੈ ਐਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕਮਲ ਨਿਰਮਲ ਕੋ ਮੈਂ ਰਿਦੇ ਵਿਚ ਯਾਦ ਕਰਦਾ ਹਾਂ ਸਦਾ ਹੀ ਮੇਰੇ ਰਿਦੇ ਵਿਚ ਗਯਾਨ ਕੀ ਜੋਤ ਪ੍ਰਕਾਸ਼ ਕਰਨ ॥ ੩ ॥

**ਦੋਹਰਾ ॥ ਵਿਦਯਾ ਸਾਂਤਿ ਸਗਯਾਨ ਸੁਖ ਦਾਇਕ ਫਲ ਸਭ ਚਾਰ ॥ ਮਾਨ ਸਿੰਘ ਗੁਰੂ ਕੇ ਸਦਾ ਬੰਦੋਂ ਪਾਦ ਉਦਾਰ ॥ ੪ ॥**

ਟੀਕਾ—ਵਿਦਯਾ ਦੇ ਦੇਵਣ ਵਾਲੇ ਅਤੇ ਸ਼ਾਂਤੀ ਕੇ ਦੇਵਣ ਵਾਲੇ ਗਯਾਨ ੧ ਸੁਖ ੨ ਅਤੇ ਚਾਰ ਪਦਾਰਥ ਕੇ ਦਾਤੇ ਹਨ ਐਸੇ ਸ੍ਰੀਮਾਨ ਮਾਨ ਸਿੰਘ ਮੇਰੇ ਗੁਰੂ ਤਿਨ ਕੇ ਚਰਨ ਕਮਲ ਕੋ ਮੈਂ ਬੰਧਨਾ ਕਰਤਾ ਹੂੰ ਕੈਸੇ ਹਨ ਉਤਕ੍ਰਿਸ਼ਟ ਹਨ ॥ ੪ ॥

Sri Satguru Jagjit Singh Ji Elibrary NamdhariElibrary@gmail.com

**ਦੋਹਰਾ॥ ਕੰਠ ਅਰੇ ਦੁਖ ਜਹਿ ਮਿਟੇ ਪਾਵੈ ਸੂਖ ਉਦਾਰ।**
**ਭਾਵਰਸਾਂਮ੍ਰਿਤਿ ਗ੍ਰੰਥ ਯਹਿ ਭਾਖੋ ਹਰਿ ਉਰਧਾਰ ॥੫॥**

ਟੀਕਾ-ਭਾਈ ਗੁਲਾਬ ਸਿੰਘ ਜੀ ਇਸ ਗ੍ਰੰਥ ਕਾ ਫਲ ਕਹਿੰਦੇ ਹਨ ਕਿ ਜੋ ਇਸ ਗ੍ਰੰਥ ਕੋ ਯਾਦ ਕਰੇ ਜੈਸੇ ਅੰਮ੍ਰਿਤ ਕੋ ਛਕਣ ਨਾਲ ਦੁਖ ਦੂਰ ਹੁੰਦਾ ਹੈ ਤੈਸੇ ਇਸ ਗ੍ਰੰਥ ਕੋ ਯਾਦ ਕਰੇ ਸੋਈ ਤਿਸਕਾ ਅਵਿਦਯਤਾਈ ਕਾ ਦੁਖ ਮਿਟੇ ਹੈ ਅਤੇ ਸੁਖ ਓਹ ਪਾਵੇਗਾ ਬੜਾ, ਏ ਜੋ ਭਾਵਰ ਸਾਂਮ੍ਰਿਤ ਗ੍ਰੰਥ ਹੈ ਸੋ ਮੈਂ ਕਹਿੰਦਾ ਹਾਂ ਪ੍ਰਮੇਸਰ ਕੋ ਚਿਤ ਵਿਚ ਯਾਦ ਕਰਕੇ ॥ ੫ ॥

**ਦੀਰਘ ਤ੍ਰਿਭੰਗੀ ਛੰਦ॥ ਔਧ ਵਿਲਾਸੀ ਸੁਤੇ ਪ੍ਰਕਾਸੀ ਗਿਆਨ ਨਿਵਾਸੀ ਦਾਨ ਰਤੇ॥ ਹਾਜਰ ਹੈ ਹਾਸੀ ਮੂਲ ਫਲਾਸੀ ਤਰ ਤਲ ਵਾਸੀ ਬੀਰ ਮਤੇ॥ ਕਰ ਬੂਰ ਬਿਨਾਸੀ ਕਾਨ ਨਿਵਾਸੀ ਲੰਕ ਵਿਨਾਸ਼ੀ ਵਾਕ ਕਤੇ॥ ਜਯ ਜਯ ਰਘੁਨਾਇਕ ਜਨ ਸੁਖ ਦਾਇਕ ਅਰਿ ਦਲ ਘਾਯਕ ਭੂਮ ਪਤੇ ॥ ੬ ॥**

ਟੀਕਾ-ਪੁਨਾ ਸ੍ਰੀ ਰਾਮ ਚੰਦਰ ਕਾ ਅਸ਼ੀਰ ਬਾਦ ਆਤਮਕ ਮੰਗਲਾ ਚਰਨ ਕਰਦੇ ਹਨ ਪੀਛੇ ਵਸਤੂ ਨਿਰਦੇਸ ਆਤਮਕ ਮੰਗਲ ਕੀਤਾ ਸੀ ਕੈਸੇ ਹਨ ਸ੍ਰੀ ਰਾਮ ਚੰਦਰ ਜੀ ਕਿ ਅਯੁਧਿਆ ਵਿਚ ਵਸਨ ਵਾਲੇ ਹਨ ਸੁਤੇ ਪ੍ਰਕਾਸ਼ੀ ਹਨ ਗਯਾਨ ਵਿਚ ਜਿਨਾਂ ਦਾ ਨਿਵਾਸ ਹੈ ਦਾਨ ਕੇ ਦੇਵਨ ਵਿਚ ਪ੍ਰੀਤੀ ਹੈ ਫਿਰ ਹਾਜਰ ਹਨ ਰਾਜ ਭਾਗ ਕੋ ਛਡ ਕੇ ਬਨ ਕੋ ਗਏ ਫਲ ਫੁਲ ਖਾਂਦੇ ਬ੍ਰਿਛਾਂ ਦੇ ਨੀਚੇ ਬੈਠੇ ਅਤੇ ਸੂਰ ਬੀਰਤਾ ਵਾਲਾ ਜਿਨਾਂ ਕਾ ਮਤ ਹੈ (ਕਰਬੂਰ) ਦੈਂਤਾ ਕਾ ਨਾਸ਼ ਕੀਤਾ ਹੈ ਜਿਨਾਂ ਨੇ ਬਣ ਵਿਚ ਵਸੇ ਹਨ ਲੰਕਾ ਕਾ ਨਿਵਾਸੀ ਭਭੀਖਨ ਕੋ ਆਖਿਆ ਕਿ ਆਵੋ ਲੰਕਾ ਕੇ ਪਤੀ ਜੈ ਜੈ ਹੋਵੇ ਤੁਮਾਰੀ ਹੇ ਸ੍ਰੀ ਰਾਮ ਚੰਦਰ ਜੀ ਆਪਣੇ ਭਗਤਾਂ ਕੋ ਸੁਖ ਦੇਵਣ ਵਾਲੇ ਹੋ ਅਤੇ ਸ਼ਤਰੂਆਂ ਕੇ ਦਲ ਕੋ ਨਾਸ਼ ਕਰਨ ਵਾਲੇ ਹੋ ਏਸ ਸਾਰੀ ਧਰਤੀ ਕੇ ਪਤੀ ਹੋ ॥ ੬ ॥

**ਰਿਖ ਨਾਰਿ ਉਧਾਰੀ ਸਵਰੀ ਤਾਰੀ ਰਾਵਣ ਆਰੀ ਦੇਵਨ ਤੇ॥ ਸ਼ਿਵ ਚਾਂਪ ਬਿਦਾਰੀ ਸਾਗਰ ਤਾਰੀ ਰਣ ਅਰਿ ਮਾਰੀ ਸੀਲ ਰਤੇ॥ ਸੁਭ ਕੁੰਡਲ ਧਾਰੀ ਅਲਕੈਂ ਕਾਰੀ ਆਭ ਨਿਆਰੀ ਰੂਪ ਅਤੇ॥ ਜਯ ਜਯ ਰਘੁਨਾਇਕ ਜਨ ਸੁਖ ਦਾਯਕ ਅਰਿ ਦਲ ਘਾਯਕ ਭੂਮ ਪਤੇ ॥ ੭ ॥**

Sri Satguru Jagjit Singh Ji Elibrary NamdhariElibrary@gmail.com

ਟੀਕਾ—ਗੌਤਮ ਰਿਖੀ ਕੀ ਇਸਤਰੀ ਤਾਰੀ ਵਾ [ਸਵਰੀ] ਭੀਲਨੀ ਤਾਰੀ ਅਤੇ ਰਾਵਣ ਕੇ ਸ਼ੱਤਰੂ ਹੂਏ ਦੇਵਤਿਆਂ ਵਾਸਤੇ ਦੇਵਤੇ ਜਿਨ ਨਥੇ ਹੋਏ ਸੀ ਸ਼ਿਵਜੀ ਕਾ ਧਨਖ ਤੋੜਿਆ ਸਮੁੰਦਰ ਤੋਂ ਰਾਰਣ ਵਾਲੇ ਹੈਂ ਜੁੱਧ ਭੂਮਿਕਾ ਵਿਚ ਸ਼ੱਤਰੂਆਂ ਕੋ ਮਾਰਨ ਵਾਲੇ ਹੈਂ ਸੀਲ ਸੁਭਾਏ ਨਾਲ ਜਿਨਕੀ ਪ੍ਰੀਤੀ ਹੈ, ਸ਼ਰੁਤਿ, ਕੰਨਾਂ ਵਿਚ ਕੁੰਡਲ ਪਾਏ ਹੋਏ ਹਨ ਅਲਕਾਂ ਕਾਲੇ ਨਾਗਾਂ ਵਰਗੀਆਂ ਹਨ ਸੋਭਾ ਜਿਨ ਕੀ ਜਗਤ ਤੋਂ ਵਖਰੀ ਹੈ ਪੁਨ ਸੁੰਦਰ ਸ਼ਰਪ ਅਤਸੈ ਕਰਕੇ ਹੈਂ ਜਿਨ ਕੀ ਜੈ ਹੋਵੇ ਜੈ ਹੋਵੇ ਸ੍ਰੀ ਰਾਮ ਚੰਦਰ ਜੀ ਕੀ ਆਪਣੇ ਦਾਸਾਂ ਕੋ ਸੁਖ ਦੇਵਣ ਵਾਲੇ ਹਨ ਸ਼ੱਤਰੂਆਂ ਕੋ ਮਾਰਿਆ ਹੈ ਧਰਤੀ ਕੇ ਸ੍ਵਾਮੀ ਹੈਂ ॥ ੭ ॥

**ਸ੍ਵੈਯਾ॥ ਕੈ ਮਹਿ ਮੰਡਲ ਰਾਜ ਦਿਜੇ ਨਹਿ ਏਕ ਕਮੰਡਲ ਹੀ ਕਰ ਮਾਂਹੀ। ਕੈ ਤਨ ਮਾਂਹਿ ਪਟੰਬਰ ਦੈ ਨਹਿ ਏਕ ਮ੍ਰਿਗੀ ਬਰਹੀ ਜਗ ਮਾਂਹੀ। ਹਾਟਕ ਧਾਮ ਨਿਵਾਸ ਦਿਜੈ ਨਹਿ ਪਰਨ ਕੁਟੀ ਸੁਖ ਸੋਂ ਬਨ ਮਾਂਹੀ। ਦੋਨਨ ਮੈਂ ਪ੍ਰਭੂ ਏਕ ਦਿਜੇ ਸਭ ਹੀ ਫਲ ਤੇ ਪਦ ਪੰਕਜ ਮਾਂਹੀ॥ ੮॥**

ਟੀਕਾ—ਭਾਈ ਗੁਲਾਬ ਸਿੰਘ ਜੀ ਆਪ ਬੇਨਤੀ ਕਰਦੇ ਹਨ ਹੇ ਅਕਾਲ ਪੁਰਖ ਕਿ ਸਾਨੂੰ ਦੋਹਾਂ ਵਸਤੂਆਂ ਵਿਚੋਂ ਇਕ ਵਸਤੂ ਦੇਵੋਂ ਯਾ ਤੇ ਧਰਤੀ ਸਾਰੀ ਕਾ ਰਾਜ ਦੇਵੋਂ ਜੋ ਚਕਰ ਵਰਤੀ ਹੋ ਕਰ ਰਾਜ ਕਰੀਏ ਨਹੀਂ ਤਾਂ ਹਥ ਵਿਚ ਕਰਮੰਡਲ ਲੈਕਰ ਧਰਤੀ ਕਾ ਸੈਲ ਕਰੀਏ, ਸੰਤਾਂ ਕਾ ਬਾਣਾ ਧਾਰ ਕਰ ਯਾ ਰੇਸ਼ਮ ਕੇ ਬਸਤਰ ਦੇਵੋ ਪਹਿਨਣ ਵਾਸਤੇ ਨਹੀਂ (ਮ੍ਰਿਗੰਬਰ ਪਾਠੰਤ੍ਰ ਦਿਗੰਬਰ) ਨਾਂਗੇ ਹੀ ਹੋਕਰ ਫਿਰੀਏ ਅਥਵਾ ਸੋਨੇ ਕੇ ਘਰ ਦੇਵੋ ਰਹਿਣ ਵਾਸਤੇ ਨਹੀਂ ਤਾਂ ਪਤਿਆਂ ਦੀ ਝੁਗੀ ਬਣ ਵਿਚ ਬਨਾ ਕਰ ਰਹੀਏ। ਦੂਜਾ ਅਰਥ ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਏਨਾਂ ਵਸਤੂਆਂ ਕਰ ਨਰਕ ਪ੍ਰਾਪਤ ਹੁੰਦਾ ਹੈ ਸਾਨੂੰ ਧਰਤੀ ਕਾ ਰਾਜ ਨਹੀਂ ਅੱਛਾ ਲਗਦਾ (ਮੰਡਲ) ਅਸਥਾਨ ਚਾਰ ਸੌ ਕੋਸ ਕਾ ਮੰਡਲ ਹੁੰਦਾ ਹੈ ਕੈ, ਕਿਆ ਦੇਵੋ ਸਾਨੂੰ ਹਥ ਵਿਚ ਕਰਮੰਡਲ ਹੀ ਦੇਵੋ ਕਿ ਈਸ੍ਵਰ ਕੋ ਯਾਦ ਕਰੀਏ ਅਥਵਾ ਏਕ ਰੂਪ ਸਭ ਕੋ ਜਾਨਣਾ ਵ, ਕ੍ਰ, ਧਰਤੀ ਕੇ ਮੰਡਲ ਬਨਾਵਣਾ ਕਰੀਏ। ਪੁਨਾ ਸਾਨੂੰ ਰੇਸ਼ਮ ਕੇ ਬਸਤਰ ਪਹਿਨਨੇ ਨਾ ਦੇਵੇ ਵਾ ਅਬਲਾ ਕੇ ਉਰੂ ਸਰੇਸ਼ਟਕੀ ਇਛਾ ਨਹੀਂ ਏਕ ਨਾਂਗੇ ਹੋਕਰ ਨਾਮ ਜਪਣਾ ਕਰੀਏ ਵਾ ਇਸ ਦਿਸ਼ਾ ਕਾ ਸੈਲ ਕਰੀਏ ਤੀਰਥਾਂ ਪਰ ਜਾਕਰ ਕਿਉਂਕਿ ਮਹਾਤਮਾਂ ਫਿਰਨ ਵਿਚ ਰਾਜ਼ੀ ਰਹਿੰਦੇ ਹਨ। ਪੁਨਾ ਸ੍ਵਰਨ ਕੇ ਘਰਾਂ ਵਿਚ ਵੀ ਅਸੀਂ ਵਸਣਾ ਨਹੀਂ ਚਾਹੁੰਦੇ ਕਿਉਂ ਜੋ ਹੰਕਾਰੀ ਹੋ ਜਾਈਦਾ ਹੈ ਏਹ ਭੀ ਨਹੀਂ ਸਾਨੂੰ ਲੋੜ ਹੈ ਸਾਨੂੰ ਪੱਤਿਆਂ ਕੀ ਕੁਟੀਆਂ ਹੀ ਬਖਸ਼ੋ ਕਿ ਬਨਾਕਰ ਰਹੀਏ ਤੇ ਈਸ਼੍ਵਰ ਕੋ ਯਾਦ ਕਰੀਏ ਫਿਰ ਐਸੀ ਸਮ ਦ੍ਰਿਸ਼ਟੀ ਹੋ ਜਾਵੇ ਕਿ, ਦੋਨੋਂ

Sri Satguru Jagjit Singh Ji Elibrary NamdhariElibrary@gmail.com

ਲੋਕਾਂ ਵਿਚ ਬਨੀ ਰਹੇ ਹੈ ਵ ਐਸੀ ਨਾਮ ਦੀ ਮੋਹਰ ਬਖਸ਼ੋ ਕਿ ਹਿੰਦੂ ਮੁਸਲਮਾਨ ਪਏ ਸਿਰ ਝੁਕਾਵਨ ਕਿਉਂਕਿ ਤੇਰਿਆਂ ਚਰਨਾਂ ਵਿਚ ਬਹੁਤ ਸੁਖ ਹੈ ਇਸ ਕੋ ਕਵੀ ਰਾਜ ਵਿਰੋਧ ਭਾਸ ਅਲੰਕਾਰ ਵਿਚ ਅੰਤਰਭੂਤ ਕਰਦੇ ਹਨ।

ਯਥਾ-ਸਵੈਯਾ ਟਹਿਲ ਸਿੰਘ

ਗੰਗ ਕਿ ਮੱਜਨ ਪਾਪ ਲਗੇ ਕਬਹੂੰ ਨ ਲਗੇ ਪੁਨ ਪਾਪ ਕਮਾਏ।
ਮੋਖ ਮਿਲੇ ਸਤਿਗਯਾਨ ਬਿਨਾਂ ਕਬਹੂੰ ਨ ਮਿਲੇ ਸਭ ਗਯਾਨ ਕੇ ਪਾਏ।
ਤਯਾਗ ਵਿਰਾਗ ਤੇ ਹੋਇ ਕਬੂਨਹਿ ਤਯਾਗ ਵਿਰਾਗ ਬਿਨਾ ਹੂ ਲਖਾਏ।
ਦਾਨ ਦਏ ਧਨ ਹੋਇ ਕਬਹੂ ਨਹਿ ਬਿੱਤ ਬਡੇ ਬਿਨ ਦਾਨ ਦਵਾਏ ॥੮॥

**ਕੈ ਪੁਰ ਸੌਧ ਵਿਖੇ ਗਜ ਦੰਤ ਪਲੰਘਨ ਮਾਹਿ ਸਵੋ ਜਗ ਮਾਂਹੀ। ਕੈ ਬਨ ਕੇਰ ਬ੍ਰਿਖੇ ਤ੍ਰਿਣ ਕੋਮਲ ਡਾਰ ਸਵੋਂ ਨ ਬਰੋਂ ਪੁਰ ਮਾਂਹੀ। ਭੌਨ ਰੰਗੀਨ ਕੇ ਦਵਾਰ ਵਿਖੇ ਭਟ ਗਾਇ ਕਬਿੱਤ ਕਿ ਮੋਹਿ ਜਗਾਂਹੀ। ਨਾਂ ਤਰ ਪਰਣ ਕੁਟੀ ਤਟ ਪਾ ਦੁਖ ਬੋਲ ਸਿਖੀ ਮੁਹਿ ਕੋ ਬਨ ਮਾਂਹੀ ॥ ੯ ॥**

ਟੀਕਾ—ਅਥਵਾ ਪੁਰੀਆਂ ਕੀਆਂ ਅਟਾਰੀਆਂ ਚੂਨੇ ਆਦਿਕ ਨਾਲ ਲਿਸ਼ਕ ਦੀਆਂ ਏਨਾਂ ਦੇ ਵਿਚ ਹਾਥੀਆਂ ਦੇ ਦੰਦਾਂ ਦੇ ਪ੍ਰਯੰਕ ਬਿਛਾਏ ਹੋਵਨ ਤਿਨ ਪੈ ਸੈਨ ਕਰਾਂ ਵ ਜੰਗਲ ਵਿਚ ਘਾਸ ਦੀਆਂ ਤ੍ਰਿੜਾਂ ਕੋਮਲ ਨੀਚੇ ਸੁਟਕੇ ਸੈਨ ਕਰਾਂ ਅਤੇ ਨਗਰੀ ਦੇ ਵਿਚ ਆਵਾਂ ਹੀ ਨਾ, ਸੁੰਦਰ ਘਰਾਂ ਵਿਚ ਆਕਰ ਦਰਵਾਜ਼ੇ ਪਰ ਖਲੋਕਰ ਭਟ ਕਬਿੱਤਾਂ ਕੋ ਸੁਨਾਕਰ ਮੈਨੂੰ ਸੋਏ ਪਏ ਕੋ ਜਗਾਵੇਂ ਨਹੀਂ ਤਾਂ ਪਤਿਆਂ ਕੀ ਕੁਟੀਆ ਪਾਸ ਬ੍ਰਿਛਾਂ ਕੇ ਰਚ ਕਰ ਬੈਠਾਂ ਜਿਸ ਜਗਾ ਮੋਰ ਬੋਲਦੇ ਹੋਵਨ ॥ ੯ ॥

**ਸ੍ਵੈਯਾ ॥ ਕੰਜ ਪ੍ਰਭਾ ਦ੍ਰਿੱਗ ਚੰਦ੍ਰ ਮੁਖੀ ਗਜ ਗਾਮਨਿ ਨਾਰਿ ਦਿਜੇ ਘਰ ਮਾਂਹੀ ॥ ਨਾਤਰ ਸ਼ਾਂਤਿ ਬਧੂ ਅਤਿ ਸੁੰਦਰ ਰਾਮ ਦਿਜੇ ਹਮਰੇ ਉਰ ਮਾਂਹੀ। ਕੈ ਘਰ ਮਾਹਿ ਸੁ ਭੂਤ ਦਿਜੇ ਕਿ ਵਿਭੂਤ ਦਿਜੈ ਜੁ ਮਲੋਂ ਤਨ ਮਾਂਹੀ। ਕੈ ਘਰ ਮਾਹਿ ਨਿਵਾਸ ਕਰੋਂ ਕਿ ਫਿਰੋਂ ਜਗਦੇਵ ਨਦੀ ਤਟ ਮਾਂਹੀ ॥ ੧੦ ॥**

ਟੀਕਾ—ਕਮਲ ਵਰਗੇ ਨੇਤ੍ਰ ਚੰਦ੍ਰਮਾਂ ਵਰਗਾ ਮੁਖ ਹਾਥੀ ਵਰਗੀ ਚਾਲ ਐਸੀ ਇਸਤਰੀ ਦੇਵੋ ਘਰ ਵਿਚ ਅਥਵਾ ਸ਼ਰੁਤੀ ਸਿਮ੍ਰਤੀ ਨੇਤ੍ਰ ਕਮਲ ਵਰਗੇ ਦੇਵ ਵ ਗਯਾਨ ਵਿਰਾਗ ਰੂਪੀ ਨੇਤਰ ਕਮਲ ਵਰਗੇ ਖਿੱਲੇ ਹੋਵਨ ਚੰਦਰਮਾ ਜਸ ਰੂਪੀ ਪ੍ਰਕਾਸ਼ ਵਾਲਾ ਹੋਵੇ ਮੁਖ, ਸ਼ਾਂਤੀ ਰੂਪੀ ਇਸਤਰੀ ਹੌਲੀ ਹੌਲੀ ਚਲਣ ਵਾਲੀ ਰਿਦੇ ਰੂਪੀ ਘਰ ਵਿਚ

Sri Satguru Jagjit Singh Ji Elibrary NamdhariElibrary@gmail.com

ਦੇਵੋ, ਨਿਸਚੇ ਕਰ ਸ਼ਾਂਤੀ ਸਰੂਪ ਜੋ ਇਸਤਰੀ ਹੈ ਸੁੰਦਰ ਸੋ ਹੇ ਈਸ਼੍ਵਰ ਸਾਡੇ ਰਿਦੇ ਵਿਚ ਵਸਨ ਵਾਲੀ ਦੇਵੋ, ਵ ਸਰੇਸ਼ਟ ਵਿਭੂਤੀ ਦੂਸਰੀ ਦੇਵੋ ਜਿਸ ਕਰ ਮਨ ਕੋ ਮਲ ਕਰ ਇਸ ਕੀ ਸਯਾਈ ਉਤਾਰਾਂ ਤੇ ਜੀਤ ਲਵਾਂ ਇਕ ਕੋ ਫਿਰ ਆਪਣੇ ਸਵੈ ਘਰ ਵਿਚ ਵਸਨਾਂ ਕਰਾਂ ਵ ਗੰਗਾਂ ਜੀ ਕੇ ਕਿਨਾਰੇ ਕਿਨਾਰੇ ਫਿਰਾਂ ਵ ਬਿਰਾਜ ਰਹਾਂ ਵ ਸਤਸੰਗ ਨਦੀ ਮੇਂ ਜਾਕਰ ਅਨੰਦ ਲਵਾਂ ॥ ੧੦ ॥

**ਸ੍ਵੈਯਾ ॥ ਕੈ ਖੜਗਾਗਰ ਦੈਂਤ ਦਲੋਂ ਕਟ ਕੈ ਬਟਬਾਸ ਦਯਾ ਉਰਮਾਂਹੀ। ਕੈ ਮਣਿ ਮਾਲ ਦਿਜੈ ਉਰ ਮੈਂ ਨਹਿ ਰਾਮ ਦਿਜੈ ਜਪਨਾ ਕਰਮਾਂਹੀ। ਕੈ ਜਗ ਭੀਖ ਅਹਾਰ ਕਰੋਂ ਕਿ ਦਿਵੋਂ ਜਨ ਬਾਂਛਤ ਹੀ ਛਿਤ ਮਾਂਹੀ। ਕੈ ਜਸ ਸੋਂ ਸਭ ਭੂਮਿ ਭਰੋਂ ਨਹਿ ਜਾਇ ਬਸੋਂ ਰਹਿ ਤੇ ਪੁਰ ਮਾਂਹੀ॥ ੧੧ ॥**

ਟੀਕਾ--ਅਥਵਾ ਤਲਵਾਰ ਪਕੜ ਕਰ ਆਪਣੇ ਹਥ ਵਿਚ ਰਾਖਸ਼ਾਂ ਕੀ ਚਮੂੰ ਕਾ ਨਾਸ਼ ਕਰਾਂ ਅਥਵਾ ਬਨ ਵਿਚ ਜਾਕਰ ਰਹੀਏ ਤੇ ਦਯਾ ਜੀਵਾਂ ਪਰ ਕਰੀਏ। ਰਿਦੇ ਵਿਚ ਅਥਵਾ ਮਣੀਆਂ ਕੀ ਮਾਲਾ ਦੇਵੋ ਰਿਦੇ ਵਿਚ ਪਾਵਣ ਕੋ ਵ ਕਰਨਾ ਮੁਦਤਾਂ ਮੈਤਰੀ ਮਣੀਆਂ ਕੀ ਮਾਲਾ ਦੇਵੋ ਗਯਾਨ ਰੂਪੀ ਖੰਡੇ ਨਾਲ ਕਾਮਾਦੀ ਦੈਂਤਾਂ ਕਾ ਨਾਸ਼ ਕਰੋ ਅਤੇ ਹੋਰ ਕੁਛ ਚਾਹਿ ਨਹੀਂ ਇਕ ਮਾਲਾ ਮਨ ਰੂਪੀ ਵਿਚ ਦੇਵੋ ਅਥਵਾ ਜਗਤ ਤੋਂ ਭਿਖਿਆ ਮੰਗ ਕੇ ਖਾਵਾਂ ਅਥਵਾ ਜੀਵਾਂ ਨੂੰ ਮਨ ਭਾਵਤ ਵਸਤੂਆਂ ਬਖਸ਼ਸ਼ ਕਰਾਂ ਸਾਰੀ ਧਰਤੀ ਜਸ ਨਾਲ ਭਰ ਦੇਵਾਂ, ਨਹੀਂ ਹੇ ਈਸ਼੍ਵਰ ਤੇਰੇ ਪੁਰ ਵੈਕੁੰਠ ਵਿਚ ਜਾਕਰ ਵਸਣਾ ਕਰਾਂ ॥ ੧੧ ॥

**ਸ੍ਵੈਯਾ ॥ ਜੋਗ ਦਿਜੇ ਕਿ ਦਿਜੇ ਘਰ ਭੋਗ ਕਿ ਨੀਤਿ ਦਿਜੇ ਕਿ ਅਤੀਤ ਬਨਾਹੀ॥ ਦਾਸਨ ਕੇ ਗਨ ਮੋਹ ਦਿਜੇ ਨਹਿ ਆਪਨ ਦਾਸ ਕਿਜੇ ਜਗ ਮਾਂਹੀ ॥ ਕੈ ਮਣਿ ਹੇਮ ਵਿਮਾਨ ਦਿਜੇ ਨਹਿ ਨਾਮ ਦਿਜੇ ਹਮਰੇ ਉਰਮਾਂਹੀ। ਦੋਨਨ ਮੈਂ ਪ੍ਰਭ ਏਕ ਦਿਜੇ ਅਬ ਢੀਲ ਬਨੇ ਨਹਿ ਤੇ ਉਰ ਮਾਂਹੀ॥ ੧੨ ॥**

ਟੀਕਾ—ਜੋਗ ਦੇਵੋ ਵ ਘਰ ਵਿਚ ਭੋਗ ਅਛੇ ਅਛੇ ਪਦਾਰਥ ਦੇਵੋ ਵ ਰਾਜ ਨੀਤ ਬਖਸ਼ੋ ਵ ਫਕੀਰੀ ਦੇਵੇ ਵ ਦਾਸ ਟਹਿਲ ਕਰਨ ਵਾਲੇ ਬਹੁਤ ਸਾਰੇ ਦੇਵੋ ਨਹੀਂ ਤਾਂ ਮੈਨੂੰ ਹੀ ਆਪਣਾ ਦਾਸ ਕਰ ਲਵੋ ਜਗਤ ਉਤੇ ਵ ਮਣੀਆਂ ਸੂਰਨ ਨਾਲ ਖੱਚਤ ਕੀਤੇ ਹੋਏ ਵਿਮਾਨ ਦੇਵੋ ਉਪਰ ਚੜਕੇ ਅਨੰਦ ਲੈਂਦੇ ਫਿਰੀਏ, ਨਹੀਂ ਨਾਮ ਹੀ ਦੇਵੋ ਜਪੀਏ ਹਿਰਦੇ ਵਿਚ ਦੋਹਾਂ ਵਸਤੂਆਂ ਵਿਚੋਂ ਇਕ ਤਾਂ ਦੇਵੋ ਹੇ ਮੇਰੇ ਈਸ਼੍ਵਰ ਆਪ ਦੇਰੀ ਨਾਂ ਕਰੋ ਆਪ ਕੇ ਹਿਰਦੇ ਵਿਚ ਕ੍ਰਿਪਾ ਕਰਨੀ ਯੋਗ ਹੈ ॥ ੧੨ ॥

Sri Satguru Jagjit Singh Ji Elibrary NamdhariElibrary@gmail.com

**ਸ੍ਵੈਯਾ॥ ਜਾਨੁ ਭੁਜਾ ਕਟਿ ਕੇਹਰ ਕੇ ਸਮ ਕੰਜ ਪ੍ਰਭਾ ਦ੍ਰਿਗ ਹੈਂ ਮਦ ਮਾਤੇ॥ ਕੋਟ ਸੁਰਾਂਗਨ ਨਾਚਤ ਹੈਂ ਅਰ ਗੰਧ੍ਰਬ ਆਇ ਸਭੇ ਪੁਰ ਗਾਤੇ॥ ਭੌਨ ਭੰਡਾਰ ਅਪਾਰ ਭਰੇ ਧਨ ਯਾ ਬਿਧ ਆਪ ਰਚੀ ਸੁ ਬਿਧਾਤੇ॥ ਯੌ ਬਿਧਿ ਯਾਹਿ ਭਈ ਤੁ ਕਹਾਂ ਜਬ ਜਾਨਕੀ ਨਾਥ ਕੇ ਰੰਗ ਨਾ ਰਾਤੇ॥ ੧੩॥**

ਟੀਕਾ—ਗੋਡਿਆਂ ਤਾਈਂ ਲੰਮੀਆਂ ਬਾਹਵਾਂ ਹੋਵਣ ਲਕ ਸ਼ੇਰ ਕੇ ਸਮਾਨ ਹੋਵੇ, ਕਮਲ ਵਰਗੀ ਸੋਭਾ ਨੇਤਰਾਂ ਦੀ ਹੈ ਮਸਤ ਹੋਏ ਹੋਏ ਹਨ ਵ ਹੰਕਾਰ ਵਿਚ ਮਤੇ ਹਏ ਨੇ ਕਰੋੜਾਂ ਹੀ ਦੇਵਤਿਆਂ ਕੀਆਂ ਇਸਤ੍ਰੀਆ ਨਿਰਤਕਾਰੀਆਂ ਕਰਦੀਆਂ ਹੋਵਨ ਅਤੇ ਗੰਧਰਬ ਹੀ ਆਣ ਸਾਰੇ ਗਾਇਨ ਕਰਨ ਘਰ ਕੇ ਖਜ਼ਾਨੇ ਬਹੁਤੇ ਧਨ ਨਾਲ ਭਰਪੂਰ ਹੈਂ ਇਸ ਪਰਕਾਰ ਕੀ ਬ੍ਰਹਮਾ ਨੇ ਸਾਰੀ ਸ੍ਰਿਸ਼ਟੀ ਕੀ ਰੀਤੀ ਬਣਾਈ ਹੈ ਫਿਰ ਕਵਿ ਕਹਿੰਦਾ ਹੈ ਐਸੀਆਂ ਐਸੀਆਂ ਵਸਤੂਆਂ ਹੋਈਆਂ ਤਾਂ ਕਿਆ ਹੋਇਆ ਜੇ ਈਸ੍ਵਰ ਕੇ ਪਰੇਮ ਮੇਂ ਨ ਰਤੇ ॥ ੧੩ ॥

**ਹੇਮ ਗਲੇ ਅਰੁ ਸੀਸ ਉਤੰਸ ਉਠਾਇ ਸੁ ਪਾਦ ਮਹਾਂ ਹਿਨਨਾਤੇ॥ ਕੋਟ ਤੁਰੰਗ ਕੁਰੰਗ ਸੇ ਕੂਦਤ ਦੌਰ ਪ੍ਰਭੰਜਨ ਕੌ ਜਿਨ ਜਾਤੇ॥ ਦਿਗਜ ਸੇ ਗਜ਼ ਭੌਨ ਦੁਆਰ ਸੁ ਝੂਲਤ ਹੈਂ ਮਦਰਾ ਮਦ ਮਾਤੇ॥ ਯੌ ਬਿਧਿ ਯਾਂਹਿ ਭਈ ਤੋ ਕਹਾ ਜਬ ਜਾਨਕੀ ਨਾਥ ਕੇ ਰੰਗ ਨਾ ਰਾਤੇ॥ ੧੪॥**

ਟੀਕਾ—ਸੋਨੇ ਕੀਆਂ ਸੰਗਲੀਆਂ ਜਿਨਕੇ ਗਲੇ ਮੇਂ ਹਨ ਅਤੇ ਸ਼ਿਰੋਮਣੀ ਹਨ ਘੋੜੇ ਚੁਕ ਚੁਕ ਕੇ ਪੈਰ ਬੜੇ ਹਿਣਕਦੇ ਹਨ ਐਸੇ ਐਸੇ ਅਨੇਕਾਂ ਹੀ ਘੋੜੇ ਹਨ ਹਰਨਾਂ ਵਾਂਗੂੰ ਛਾਲਾਂ ਮਾਰਨ ਵਾਲੇ ਐਸੇ ਦੌੜਦੇ ਹਨ ਕਿ ਪਵਨ ਕੇ ਵੇਗ ਨੂੰ ਭੀ ਪੀਛੇ ਕਰ ਦੇਂਦੇ ਹਨ ਭਾਵ ਜਿਤਨੇ ਹਨ ਜੋ ਚਾਰੇ ਹੀ ਦਿਸ਼ਾ ਕੇ ਹਾਥੀ ਹਨ ਚਾਰ ਦਿਸ਼ਾ ਕੋ ਦਾਬ ਕਰ ਖੜੇ ਹਨ ਤਿੰਨ ਹਾਥੀਆਂ ਵਰਗੇ ਹਾਥੀ ਹਨ ਮਸਤ ਹੋਏ ਹੋਏ ਮਦਰਾ ਕੇ ਸੰਜੁਗਤ ਦਰਵਾਜ਼ੇ ਉਤੇ ਝੂਲ ਰਹੇ ਹਨ ਐਸੀ ਰੀਤੀ ਹੋਈ ਤਾਂ ਕਿਆ ਹੋਇਆ ਜਬ ਲਛਮੀ ਕੇ ਪਤੀ ਕਾ ਸਿਮਰਨ ਨ ਕੀਤਾ ॥ ੧੪ ॥

**ਸ੍ਵੈਯਾ॥ ਕੋਟਕ ਬਿੰਜਨ ਹਾਟਕ ਭਾਂਜਨ ਡਾਰ ਸੁ ਸੌਂਧ ਬਿਖੇ ਮਿਲ ਖਾਤੇ॥ ਭੂਪ ਜਿਤੇ ਭਵ ਮੰਡਲ ਕੇ ਪੁਨ ਹੋਹਿ ਰਥੀ ਸੁ ਜਿਨੇ ਪੁਰਸਾਤੇ॥ ਔਰਨ ਛੱਤ੍ਰ ਉਤਾਰ ਭਲੀ ਬਿੱਧ ਆਪਨ ਸੀਸ ਸ ਛੱਤ੍ਰ**

Sri Satguru Jagjit Singh Ji Elibrary NamdhariElibrary@gmail.com

**ਫਿਰਾਤੇ॥ ਯੌ ਬਿਧ ਯਾਹਿ ਭਈ ਤੁ ਕਹਾਂ ਜਬ ਜਾਨਕੀ ਨਾਥ ਕੇ ਰੰਗ ਨਾ ਰਤੇ ॥ ੧੫॥**

ਟੀਕਾ—ਕਰੋੜਾਂ ਹੀ ਤਰ੍ਹਾਂ ਕੇ ਭੋਜਨ ਸੋਨੇ ਆਦਿਕਾਂ ਕੇ ਬਰਤਨਾਂ ਵਿਚ ਪਾਕਰ ਖਾਂਦੇ ਹਨ ਖਟੇ ਮਿਠੇ ਸਲੂਣ ਇਤ ਆਦਿਕ ਰਾਜੇ ਜਿਤਕੇ ਹਨ ਧਰਤੀ ਕੇ ਰਥਾਂ ਤੇ ਚੜ੍ਹ ਕੇ ਤਿਨਾਂ ਨੂੰ ਜੀਤ ਲਿਆ ਵ ਪੁੰਨ ਦਾਨ ਐਸਾ ਕੀਤਾ ਤਿਨਾਂ ਨੂੰ ਜੀਤ ਲਿਆ, ਹੋਰਨਾਂ ਦੇ ਸਿਰਾਂ ਤੋਂ ਛਤਰ ਉਤਾਰ ਕੇ ਅਛੀ ਰੀਤੀ ਨਾਲ ਤੇ ਆਪਣੇ ਸਿਰ ਤੇ ਜਸ ਰੂਪੀ ਛਤਰ ਫਰਾਵਨਾ ਕਰਦੇ ਹਨ। ਐਸੀਆਂ ਐਸੀਆਂ ਰੀਤੀਆਂ ਹੋਈਆਂ ਤਾਂ ਕੀ ਹੋਇਆ ਜੋ ਈਸ੍ਵਰ ਕੇ ਪਰੇਮ ਮੇਂ ਨਾ ਰਤੇ ਤਾਂ ॥ ੧੫ ॥

**ਸ੍ਵੈਯਾ॥ ਬੈਠ ਬਧੂ ਕੁਚ ਕੁੰਕਮ ਕੇ ਸਰ ਤੀਖਨ ਸੋਂ ਜੁ ਕਰੇ ਜਗ ਹਾਤੇ॥ ਆਪ ਸਮਾਨ ਜਨੇ ਸੁਤ ਸੁੰਦਰ ਯਾ ਜਗ ਝੁੰਡਨ ਝੁੰਡ ਸੁਹਾਤੇ। ਬੀਰ ਤਥਾ ਗੁਣਵਾਨ ਮਹਾਂ ਪੁਨ ਮਾਤ ਪਿਤਾ ਸੁਖ ਮੈਂ ਲਲ ਚਾਤੇ॥ ਯੌ ਬਿਧਿ ਯਾਹਿ ਭਈ ਤੁ ਕਹਾਂ ਜਬ ਜਾਨਕੀ ਨਾਥ ਕੇ ਰੰਗ ਨ ਰਾਤੇ॥ ੧੬॥**

ਟੀਕਾ—ਫਿਰ ਇਸਤਰੀਆਂ ਦੇ ਕੁਚ ਕੈਸੇ ਹਨ ਜੋ ਕੇਸਰ ਕੇ ਰੰਗ ਵਰਗੇ ਹਨ ਪੁਨਾ ਜੋ ਦੇਖਦਾ ਹੈ ਜਗਤ ਕਾ ਜੀਵ ਉਸਕੋ ਮਾਰਦੇ ਹਨ ਫਿਰ ਆਪਣੇ ਵਰਗੇ ਹੀ ਪੁਤਰ ਜਣਦੀਆਂ ਹਨ ਨਾਰੀਆਂ ਜਗਤ ਤੇ ਬਹੁਤ ਹੀ ਨਜ਼ਰ ਆਂਵਦੇ ਹਨ ਓਹ ਲੜਕੇ ਬੜੇ ਸੂਰਬੀਰ ਹੁੰਦੇ ਹਨ ਅਤੇ ਗੁਣਵਾਨ ਹੁੰਦੇ ਹਨ ਮਾਤਾ ਪਿਤਾ ਕੇ ਸੁਖ ਦੇ ਵਿਚ ਬੜੇ ਮਸਤ ਰਹਿੰਦੇ ਹਨ ਅਤੇ ਮਾਤਾ ਪਿਤਾ ਕੋ ਐਸੀ ਰੀਤੀ ਹੋਈ ਤਾਂ ਵੀ ਕਿਆ ਹੋਇਆ ਜੋ ਪ੍ਰਮੇਸ਼ਰ ਕੇ ਰੰਗ ਵਿਚ ਨਾ ਰਤੇ ਤਾਂ ਨਿਸਫਲ ਹੈ ॥ ੧੬ ॥

**ਸ੍ਵੈਯਾ॥ ਜਿਨ ਕੇ ਰਥ ਨੇਮ ਦਰਾਰਨ ਤੇ ਸਤ ਸਾਗਰ ਹੈਂ ਅਬ ਲੌ ਜਗ ਮਾਂਹੀ। ਜਿਨ ਚਾਪਨ ਗੋਸ਼ਨ ਕੇ ਬਲ ਤੇ ਸਭ ਸੈਲ ਬਟੋਰ ਧਰੇ ਧਰ ਮਾਂਹੀ। ਸੁਰ ਰਾਜ ਡਰੇ ਜਿਨਕੇ ਬਲ ਤੇ ਯਮਰਾਜ ਜਿਤੇ ਜਿਹਨੇ ਜਗ ਮਾਂਹੀ। ਮਨ ਤੇ ਜਗ ਭੀਤਰ ਨਾਹਿ ਰਹੇ ਅਬ ਯੌਰ ਰਹੇ ਕਹੁ ਕੋ ਜਗ ਮਾਂਹੀ ॥ ੧੭॥**

ਟੀਕਾ—ਜਿਨਾਂ ਦੇ ਰਥਾਂ ਦੇ (ਨੇਮ) ਪਹੀਆਂ ਕਰਕੇ ਤੇੜਾਂ ਹੋ ਗਈਆਂ ਧਰਤੀ ਉਤੇ ਭਾਵ ਜਿਧਰ ਕੋ ਰਥ ਗਏ ਲਕੀਰਾਂ ਪੈਂਦੀਆਂ ਗਈਆਂ ਓਹੋ ਹੀ ਸਤ ਸਮੁੰਦਰ ਬਣ ਗਏ ਅਜੇ ਤਕ ਜਗਤ ਉਤੇ ਪ੍ਰਤੱਖ ਹਨ ਕਈ ਵਾਰੀ ਪ੍ਰਿਥ੍ਰਿਤ ਰਾਜਾ

ਨੇ ਰਥ ਬਣਵਾਏ ਤਾਂ ਸੂਰਜ ਨੇ ਸਾੜ ਦਿਤੇ ਫਿਰ ਅੰਤ ਕੋ ਰਾਜਾ ਹਟਿਆ ਫਿਰ ਪ੍ਰਿਥੂ ਰਾਜ ਹੋਇਆ ਉਸ ਨੇ ਜਬ ਕੋਈ ਸ਼ਹਿਰ ਬਨਾਵਨਾ ਤਾਂ ਪਰਬਤਾਂ ਕੇ ਖੰਭ ਹੁੰਦੇ ਸੀ ਓਨਾਂ ਉਡਕੇ ਗਿਰਾਇ ਦੇਣੇ ਤਦ ਰਾਜ ਬੜਾ ਕੋਪ ਸੰਜੁਗਤ ਹੂਆ ਪਰਬਤਾਂ ਕੇ ਖੰਭ ਕਟਕੇ ਧਨਖ ਕੇ ਚਿਲੇਗੋਸ਼ੇ ਨਾਲ ਕਠੇ ਕਰਕੇ ਧਰਤੀ ਤੇ ਇਕ ਜਗਾ ਰਖ ਦਿਤੇ ਤੇ ਇਕ ਮੈਨਾਕ ਪਰਬਤ ਅਜੇ ਤਕ ਖੰਭਾਂ ਵਾਲਾ ਲੁਕਿਆ ਹੋਇਆ ਹੈ, ਇੰਦਰ ਭੀ ਮੇਘਨਾਦ ਪਾਸੋਂ ਡਰਦਾ ਸੀ ਅਤੇ ਯਮਰਾਜ ਰਾਵਣ ਕੇ ਪਾਵੇ ਨਾਲ ਬੰਨ੍ਹਿਆਂ ਹੋਇਆ ਸੀ ਐਸੇ ੨ ਹੇ ਮਨ ਜਗਤ ਵਿਚ ਨਾ ਰਹੇ ਤਾਂ ਔਰ ਕੀ ਕਿਆ ਗਿਣਤੀ ਹੈ !

॥ ਸਵੈਯਾ ॥ ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥

ਜਾਲ ਬਧੇ ਸਭ ਹੀ ਮ੍ਰਿਤ ਕੇ ਕੋਊ ਰਾਵ ਰਸੂਲ ਨ ਬਾਚਨ ਪਾਏ।
ਦਾਨਵ ਦੇਵ ਫਨਿੰਦ ਧਰਾ ਧਰ ਭੂਤ ਭਵਿੱਖ ਉਪਾਇ ਮਿਟਾਏ।
ਅੰਤ ਮਰੇ ਪਛਤਾਇ ਪ੍ਰਿਥੀ ਪਰ ਜੇ ਜਗ ਮੈਂ ਅਵਤਾਰ ਕਹਾਏ।
ਰੇ ਮਨ ਲੈਲ ਇਕੇਲ ਹੀ ਕਾਲ ਕੇ ਲਾਗਤ ਕਾਹੇ ਨ ਪਾਇਨ ਧਾਇ।

ਪੁਨਾ—ਸਵੈਯਾ ॥ ਸ੍ਰੀ ਮੁਖਵਾਕ ਪਾਤਸ਼ਾਹੀ ੧੦ ॥

ਭੂਮਿ ਕੋ ਕਉਨ ਗੁਮਾਨ ਹੈ ਭੂਪਤ ਸੋ ਨਹਿ ਕਾਹੂੰ ਕੇ ਸਗ ਚਲੇ ਹੈ।
ਹੇ ਛਲਵੰਤ ਬਡੀ ਬਸੁਧਾ ਯਹਿ ਕਾਹੂ ਕੀ ਹੈ ਨਹਿ ਕਾਹੂ ਕੀ ਹਵੈ ਹੈ।
ਭਉਰ ਭੰਡਾਰ ਸਭੈ ਬਰ ਨਾਰ ਸੁ ਅੰਤ ਸਮੇਂ ਕੋਊ ਸਾਥ ਨਾ ਦੈ ਹੈ।
ਆਨ ਕੀ ਬਾਤ ਚਲਾਤ ਹੇ ਕਾਹਿ ਕਉ ਸੰਗ ਕੀ ਦੇਹ ਨ ਸੰਗ ਸਿਧੈ ਹੈ॥੧੭॥

**ਸ੍ਵੈਯਾ॥ ਦਸ ਚਾਰ ਸੁ ਭੌਨ ਰਚੇ ਜਿਨਕੇ ਇਕ ਆਹਿ ਬਲੀ ਭਵਮੰਡਲ ਮਾਹੀ। ਜਿਨ ਕੇ ਦਸ ਚਾਰ ਸੁ ਭੌਨ ਬਲੀ ਇਕ ਤਜਾਗ ਗਏ ਤ੍ਰਿਨ ਜਯੋਂ ਧਰ ਮਾਂਹੀ। ਦਸ ਚਾਰ ਸੁ ਭੌਨ ਕੁ ਭੋਗਤ ਹੈ ਇਕ ਏਕਹਿ ਰਾਜ ਕਰੇ ਜਗ ਮਾਹੀਂ। ਦਸ ਬੀਸਕ ਗ੍ਰਾਮ ਕੁ ਰਾਜ ਲਹੇ ਨਕ ਕਯੋਂ ਗਰਬੈ ਅਪਨੇ ਉਰ ਮਾਂਹੀਂ॥ ੧੮॥**

ਟੀਕਾ—ਚੌਦਾਂ ਲੋਕ ਜਿਨਾਂ ਨੇ ਬਨਾਇ ਫਿਰ ਇਕੋ ਆਪ ਹੀ ਬਲੀ ਸਾਰੀ ਧਰਤੀ ਤੇ ਸੀ ਦਛ ਪ੍ਰਜਾਪਤਿ ਆਦਿਕ, ਫਿਰ ਇਕ ਐਸੇ ਹੋਏ ਪ੍ਰਸਰਾਮ ਵਰਗੇ ਕਿ ਇਕ ਛਿਨ ਦੇ ਵਿਚ ਐਸੇ ਰਾਜ ਭਾਗ ਜਿਤੇ ਹੋਏ ਨੂੰ ਛਡ ਕੇ ਚਲੇ ਗਏ ਜੈਸੇ ਘਾਸ ਦੀ ਤ੍ਰਿੜ ਹੁੰਦੀ ਹੈ ਧਰਤੀ ਵਿਚ ਇਕ ਚੌਦਾਂ ਭਵਨਾ ਕਾ ਰਾਜ ਕਰ ਕਰ ਸੁਖ ਭੋਗ ਭੋਗ ਇਕੇਲੇ ਹੀ ਅਨੰਦ ਲੈ ਰਹੇ ਹਨ ਹੇ ਪੁਰਸ਼ ਤੂੰ ਆਪਣੇ ਮਨ ਵਿਚ ਸੋਚ ਦਸ ਵੀਹਾਂ ਪਿਡਾਂ ਦਾ ਰਾਜ ਕਰਕੇ ਕਿਆ ਆਪਣੇ ਮਨ ਵਿਚ ਹੰਕਾਰਨਾ ਹੈ ॥ ੧੮ ॥

**ਦੋ: ॥ ਰੇ ਮਨ ਚੰਚਲ ਤੂੰ ਸਦਾ ਭਜਯੋ ਨਾ ਹਰਿ ਕੋ ਨਾਮ॥ ਰਹਯੋ ਵਿਸ਼ੇ ਲਪਟੰਤ ਹੀ ਜੈ ਹੈਂ ਜਮਕੇ ਧਾਮ॥ ੧੯॥**

ਅਛੇਪਕ ਟੀਕਾ ਕਾਰ ਕੋ

ਟੀਕਾ—ਹੇ ਮਨ ਚੰਚਲ ਤੂੰ ਸਦੀਵ ਹੀ ਨਾ ਸ੍ਰੀ ਵਾਹਿਗੁਰੂ ਵਾਹਿਗੁਰੂ ਕੋ ਭਜਨਾ ਕੀਤਾ ਅਤੇ ਭੋਗਾਂ ਨੂੰ ਭੋਗਦਾ ਰਿਹਾ ਸੋ ਅੰਤ ਕੋ ਜਮ ਕੇ ਪੁਰ ਜਾਵੇਂਗਾ ॥ ੧੯ ॥

**ਸ੍ਵੈਯਾ ॥ ਧਨ ਈਸ ਦਯੋ ਜਗ ਭੀਤਰ ਜੋ ਬਿਨ ਬੁੱਧ ਗਏ ਨ ਕਛੂ ਫਲ ਪਾਏ॥ ਸ਼ੁਭ ਸੰਤਨ ਕੀ ਨਹਿ ਸੇਵ ਕਰੀ ਅਰੁ ਬਿਪ੍ਰਨ ਤੇ ਨਹਿ ਯੱਗ ਕਰਾਏ॥ ਨਹਿ ਕੂਪ ਖਨੋ ਜਲ ਹੇਤ ਕਬੀ ਧਰ ਭੀਤਰ ਨਾ ਜਲ ਤਾਲ ਬਨਾਏ॥ ਬਲ ਹੀਨਨ ਕੋ ਸੁਖ ਦਾਨ ਦਏ ਨਹਿ ਦੀਨਨ ਕੇ ਦੁਖ ਦੂਰ ਮਿਟਾਏ ॥ ੨੦ ॥**

ਟੀਕ—ਜੋ ਪ੍ਰਮੇਸਰ ਨੇ ਤੈਨੂੰ ਹੇ ਜੀਵ ਦੌਲਤ ਬਖਸ਼ਸ਼ ਕੀਤੀ ਹੈ, ਸੋ ਬਿਅਰਥ ਹੀ ਚਲੀ ਗਈ ਕਿਸੇ ਕੰਮ ਨਾ ਆਈ ਜਗ ਵਿਚ ਵ ਜਵਾਨੀ ਰੂਪੀ ਦੌਲਤ ਬਿਅਰਥ ਹੀ ਚਲੀ ਗਈ ਪੁਨਾ ਅਛੇ ਸੰਤਾਂ ਕੀ ਟਹਿਲ ਭੀ ਨਾ ਕੀਤੀ ਅਤੇ ਨਾ ਬ੍ਰਾਹਮਣਾਂ ਪਾਸੋਂ ਯਗ ਕਰਾਇ . ਅਤੇ ਗਰੀਬਾਂ ਦੇ ਜਲ ਛਕਨ ਵਾਸਤੇ ਜੰਗਲ ਵਿਚ ਖ਼ੂਹ ਲਵਾਲੇ ਨਾ ਕੋਈ ਤਲਾਵ ਬਨਵਾਇਆ ਅਤੇ ਨਾ ਜੋ ਬਲ ਤੋਂ ਹੀਨ ਸੀ ਓਹਨਾਂ ਨੂੰ ਦਾਨ ਦਿਤਾ ਕਿ ਕਿਸੇ ਤਰਾਂ ਓਹ ਸੁਖੀ ਹੋਵਨ ਅਤੇ ਗਰੀਬਾਂ ਦਾ ਦੁਖ ਦੂਰ ਕੀਤਾ ॥ ੨੦ ॥

**ਆਪਣੇ ਹਿਤ ਤਯਾਗ ਕਰੇ ਪਰ ਕੋ ਹਿਤ ਕੇ ਨਰ ਉਤਮ ਹੈਂ ਜਗ ਮਾਂਹੀ ॥ ਆਪਣੇ ਹਿਤ ਸੰਗ ਕਰੇ ਪਰ ਕੋ ਨਰ ਆਹਿ ਸਮਾਨ ਵਹੀ ਭਵ ਮਾਂਹੀ ॥ ਆਪਣੇ ਹਿਤ ਨਾਸ ਕਰੇ ਪਰਕੋ ਹਿਤ ਰਾਕਸ ਹੈਂ ਨਰ ਤੇ ਜਗ ਮਾਂਹੀ॥ ਬਿਨਹੀ ਆਪਨੇ ਹਿਤ ਨਾਸ ਕਰੇ ਪਰ ਕੋ ਹਿਤ ਤੇ ਨਰ ਕੌਨ ਕਹਾਂਹੀ ॥ ੨੧ ॥**

ਟੀਕਾ--ਜੇਹੜੇ ਪੁਰਸ਼ ਆਪਣਾ ਸੁਖ ਤਿਆਗ ਦੇਣਾ ਆਪ ਦੁਖ ਸਹਾਰ ਲੈਣ ਅਤੇ ਹੋਰ ਦਾ ਭਲਾ ਕਰ ਦੇਣਾ ਓਹ ਉਤਮ ਪੁਰਸ਼ ਹਨ ਜੇਹੜੇ ਆਪ ਵਾ ਆਪਣਾ ਕੰਮ ਸਵਾਰ ਲੈਣ ਅਤੇ ਕਿਸੀ ਕਾ ਵੀ ਕੰਮ ਸਵਾਰ ਦੇਣ ਸੋ ਮਧਰਯ ਹਨ ਪੁਰਸ਼ ਜੇਹੜੇ ਆਪਣਾ ਕੰਮ ਸਵਾਰ ਲੈਣ ਅਤੇ ਹੋਰਨੀ ਦਾ ਕੰਮ ਵਿਗਾੜ ਦੇਣ ਸੋ ਰਾਕਸ਼ ਅਧਮ ਪੁਰਸ਼ ਹਨ ਜਗਤ ਵਿਚ ਅਤੇ ਜੇਹੜੇ ਆਪਣਾ ਕੰਮ ਵੀ ਨਾਸ ਕਰ ਲੈਣ ਅਤੇ ਹੋਰ ਕਿਸੀ ਕਾ ਵੀ ਨਸ਼ਟ ਕਰ ਦੇਣ ਓਹਨਾਂ ਦਾ ਨਾਮ ਕਿਆ ਰਖੀਏ ਜੈਸੇ ਸ਼ਿਵਜੀ ਪਾਸੋਂ ਇਕ ਨੇ ਟਲ ਮੰਗਿਆ ਤਾਂ ਆਪਣੇ ਘਰ ਲੈ ਆਇਆ ਜੋ ਜਬ

Sri Satguru Jagjit Singh Ji Elibrary NamdhariElibrary@gmail.com

ਵਜਾਵੇ ਤਾਂ ਆਪਣੇ ਘਰ ਹਜ਼ਾਰ ਰੁਪਿਆ ਤਾਂ ਹੋਰ ਕੇ ਘਰ ਦੋ ਹਜ਼ਾਰ ਉਸ ਨੇ ਬੜਾ ਦੁੱਖ ਕੀਤਾ ਫਿਰ ਆਪਣੇ ਘਰ ਖੂਹਾ ਲਵਾਯਾ ਤੇ ਉਹਨਾਂ ਦੇ ਘਰ ਦੋ ਦੋ ਖੂਹੇ ਲਗ ਗਏ ਆਪ ਕਾਣਾ ਬਣਿਆ ਓਹ ਅੰਨੇ ਹੋਇ ਲਗੇ ਡਿਗ ਡਿਗ ਖੂਹਾਂ ਵਿਚ ਮਰਨ ॥ ੨੧ ॥

**ਸ੍ਵੈਯਾ ॥ ਧਨ ਪਾਵਨ ਕੋ ਜਿ ਜਹਾਜ ਸਜੇ ਬਿਨ ਭਾਗਨ ਤੈ ਜਲ ਸਿੰਧੁ ਡੁਲਾਈ ॥ ਸੁ ਖਨੇ ਬਹੁ ਬਾਰਨ ਭੂਮ ਘਨੀ ਧਰ ਤੇ ਨਹ ਏਕ ਵਿਰਾਟਕ ਪਾਈ ॥ ਨ੍ਰਿਪ ਕੀ ਕਰ ਆਇਸੁ ਸੇਵ ਕਰੇ ਭਿਰ ਸੰਘਰ ਮਾਂਹਿ ਸੁ ਅੰਗ ਤੁੜਾਈ ॥ ਬਿਧ ਲੋਕਹਿ ਲੌ ਜਬ ਦੌਰ ਫਿਰੇ ਫਲ ਪਾਵਤ ਨਾ ਬਿਨ ਭਾਗ ਸਹਾਈ ॥ ੨੨ ॥**

ਟੀਕਾ–ਦੇਖੋ ਕਰਮਾਂ ਕੀ ਬਾਤ ਕਿ ਦੌਲਤ ਦੇ ਵਾਸਤੇ ਜੇਹੜੇ ਜਹਾਜ਼ ਬਣਾਂਵਦੇ ਹਨ ਕਿ ਬਹੁਤ ਧਨ ਮਿਲੇ ਪ੍ਰੰਤੂ ਕਰਮਾਂ ਤੇ ਬਿਨਾ ਹੈ ਸੋ ਜਹਾਜ਼ ਹੀ ਸਮੁੰਦਰ ਵਿਚ ਡੁਬ ਗਿਆ ਸੁਖ ਦੇ ਵਾਸਤੇ ਬੜੀ ਧਰਤੀ ਪੁਟੀ ਕਿ ਧਨ ਮਿਲੇ ਪ੍ਰੰਤੂ ਇਕ ਕੌਡੀ ਵੀ ਨਾ ਪ੍ਰਾਪਤ ਹੋਈ ਪੁਨਾ ਰਾਜਿਆਂ ਦੀ ਸੇਵਾ ਕਰਨ ਲਗਾ ਸ਼ਸ਼ਤ੍ਰ ਲਕ ਨਾਲ ਬੰਨ ਕੇ ਤੇ ਜੁਧ ਭੂਮਕਾ ਵਿਚ ਆਪਣਾ ਅੰਗ ਅੰਗ ਕਟਾ ਕਰ ਮਰ ਗਿਆ। ਦੇਖੋ ਬ੍ਰਹਮਾ ਦੇ ਲੋਕ ਤਾਈਂ ਵੀ ਫਿਰੇ ਤਾਂ ਵੀ ਕਰਮਾਂ ਤੋਂ ਹੀਨ ਕੁਛ ਧਨ ਨਾ ਪ੍ਰਾਪਤ ਹੋਇਆ ॥ ੨੨ ॥

**ਦੋਹਰਾ ॥ ਬਿਨਾ ਭਾਗ ਜਗ ਸੁਖ ਕਹਾਂ ਮੋਖ ਕਹਾਂ ਨਰ ਹੋਇ ਭੋਗ ਮੋਖ ਨਲ ਜੋ ਚਹੈ ਪੁੰਨ ਕਮਾਵੈ ਸੋਇ ॥ ੨੩ ॥**

ਟੀਕਾ–ਬਗੈਰ ਕਰਮਾਂ ਦ ਜਗਤ ਵਿਚ ਸੁਖ ਕਿਥੇ ਅਤੇ ਬਗੈਰ ਕਰਮ ਤੇ ਮੁਕਤੀ ਕਿਥੇ ਕਿ ਅਜਾਮਲ ਤਰਫ ਦੇਖੋ ਅਤੇ ਜੋ ਭੋਗ ਜੀ ਅਤੇ ਮੋਖ ਵੀ ਪੁਰਸ਼ ਚਾਹੁੰਦਾ ਹੈ ਸੋ ਪੁੰਨ ਕਰੇ ॥ ੨੩ ॥

**ਸ੍ਵੈਯਾ ॥ ਘਰ ਭੀਤਰ ਹੇਮ ਭੰਡਾਰ ਭਰੇ ਮੁਕਤਾ ਫਲ ਕੀ ਗਜ ਪੀਠ ਅੰਬਰੀ। ਜਸ ਚੰਦ ਕੀਯੈ ਉਜਯਾਰ ਚਹੂੰ ਚਕ ਨੂਤਨ ਹੈ ਤਨ ਰੋਗ ਨਿਵਾਰੀ ॥ ਰਤਕੇ ਸਮ ਸੁੰਦਰ ਔ ਹਿਤ ਕਾਰਣਿ ਨਾਰਿ ਤਬਾ ਗੁਣ ਸੀਲ ਉਦਾਰੀ ॥ ਕ੍ਰਿਤਿ ਪੁੰਨ ਬਿਨਾ ਯਹਿ ਆਹਿ ਕਹਾਂ ਬਿਧ ਪੁੰਨਰ ਨੀਰ ਰਚੀ ਫੁਲਵਾਰੀ ॥ ੨੪ ॥**

ਟੀਕਾ–ਘਰ ਵਿਚ ਸੋਨਾ ਇਤਨਾਂ ਹੈ ਕਿ ਖਜਾਨੇ ਭਰੇ ਹੋਇ ਹਨ ਅਤੇ ਬੜੇ ਅਛੇ ਮੋਤੀ ਹੀਰੇ ਅਮੋਲਕ ਹਨ ਫਿਰੇ ਮੋਤੀ ਹਸਤੀਆਂ ਕੀਆ ਅੰਬਾਰੀਆਂ ਨਾਲ ਜੜਤ

ਕੀਤੇ ਹਨ ਉਪਰ ਪਾਕਰ ਸਜਾਇ ਹੋਇ ਹਨ ਫਿਰ ਜਸ ਰੂਪੀ ਚੰਦ੍ਰਮਾਂ ਪ੍ਰਕਾਸ਼ ਹੋ ਰਿਹਾ ਹੈ ਚਾਰੇ ਹੀ ਕੂੰਟਾਂ ਵਿਚ ਸਰੀਰ ਵੀ ਨਵੀਨ ਹੈ ਅਤੇ ਅਰੋਗ ਹੈ ਤਨ ਮਾਨੋ ਕਦੀ ਵੀ ਰੋਗ ਪਾਸ ਨਹੀਂ ਆਇਆ ਫਿਰ ਰਤੀ ਕਾਮ ਕੀ ਇਸਤਰੀ ਕੇ ਸਮਾਨ ਸੁੰਦਰ ਨਾਰੀ ਹੈ ਫਿਰ ਦਿਲ ਦੀਆਂ ਗਲਾਂ ਸਮਜਣ ਵਾਲੀ ਹੈ ਨਾਲੇ ਪਰੇਮਣ ਪੁੰਨ ਸੁਸ਼ੀਲਾ ਅਛਿਆਂ ਗੁਣਾਂ ਵਾਲੀ ਉਤਕ੍ਰਿਸ਼ਟ ਵ ਦਾਨ ਦੇਣ ਵਾਲੀ ਪ੍ਰੰਤੂ ਭਾਈ ਜੀ ਕਹਿੰਦੇ ਹਨ ਕਿ ਪੂਰਬਲੇ ਜੋ ਪੁੰਨ ਕੀਤੇ ਹੋਏ ਹਨ ਉਹਨਾਂ ਤੋਂ ਬਿਨਾਂ ਏ ਵਸਤੂਆਂ ਕਿਥੇ ਬ੍ਰਹਮਾਂ ਨੇ ਪੁੰਨਾਂ ਰੂਪੀ ਫੂਲਾਂ ਦੀ ਵਾੜੀ ਬਣਾਈ ਹੈ ॥ ੨੪ ॥

**ਸ੍ਵੈਯਾ ॥ ਰੂਪ ਫਲੇ ਨਹਿ ਜੂਧ ਫਲੇ ਜਨ ਮਾਂਗਤ ਭੀਖ ਫਿਰੇ ਜਗ ਮਾਂਹੀਂ । ਚਾਤੁਰਤਾ ਭੁਜ ਕੋ ਬਲ ਜੋ ਵਹਿ ਨਾਹਿ ਫਲੇ ਪਿਖੀਏ ਜਗ ਮਾਂਹੀਂ । ਮੂਰਖ ਕਾਤਰ ਚਾਤਰ ਬੀਰ ਸੁ ਸੇਵਤ ਹੈਂ ਕਲ ਲਾਜ ਬਿਨਾਹੀਂ । ਔਰ ਫਲੇ ਨਹਿ ਕੋ ਜਗ ਮੈਂ ਕ੍ਰਿਤ ਪੁੰਨ ਫਲੇਂ ਦ੍ਰੁਮ ਜਯੋਂ ਰਿਤੁ ਮਾਂਹੀਂ ॥ ੨੫ ॥**

ਟੀਕਾ—ਨਾ ਸੁੰਦਰ ਸਰੂਪ ਫਲਦਾ ਹੈ ਭਾਵ ਕੀ ਬੜੇ ਸੁੰਦਰ ਭੁਖੇ ਹੀ ਮਰਦੇ ਹਨ ਜਗਤ ਵਿਚ ਫਿਰ ਜੂਆ ਭੀ ਨਹੀਂ ਫਲਦਾ ਕਿ ਜੋ ਜਿਤਦੇ ਹਨ ਸੋ ਭੀ ਹਾਰਦੇ ਨਹ ਜੋ ਹਾਰਦੇ ਹਨ ਸੋ ਭੀ ਹਾਰਦੇ ਹਨ ਕਿ ਮਿਸਾਲ ਮਸ਼ਹੂਰ ਹੈ। ਕਿਸੇ ਨੇ ਮਾਈ ਕੋ ਕਹਾ ਕਿ ਮਾਂ ਮੈਂ ਅਜ ਦੇਜਕਾ ਜੂਏ ਵਿਚੋਂ ਜਿਤ ਲਿਆਇਆ ਹਾਂ ਮਾਈ ਨੇ ਕਹਾ ਕਲ ਬੱਚਾ ਵਲਟੋਹੀ ਹਾਰ ਆਵੇਂਗਾ। ਇਸ ਪ੍ਰਕਾਰ ਕਈ ਪੁਰਸ਼ ਮੰਗਤੇ ਫਿਰਦੇ ਹਨ ਭਿਖਿਆ ਜਗਤ ਵਿਚ ਫਿਰ ਕੁਛ ਚਤਰਾਈ ਵੀ ਕਰਮਾਂ ਪੁੰਨਾਂ ਤੋਂ ਬਿਨਾਂ ਨਹੀਂ ਫਲਦੀ। ਯਤਾ:—

ਅਗਰ ਰੋਜ਼ੀ ਬਦਾਨਸ਼ ਦਰ ਬਜੂਦੇ ॥ ਜ਼ਿਨਾਦਰ ਤੰਗ ਰੋਜ਼ੀ ਤਰ ਨ ਬੂਦੇ ॥
ਬਦਾਨਹ ਆਂ ਚੁਨਾ ਰੋਜ਼ੀ ਰਸਾਨਦ ॥ ਕਿ ਦਾਨਾਹ ਅੰਦਰਾਂ ਹੈਰਾਂ ਬਮਾਨਦ ॥

ਫਿਰ ਬਾਹਵਾਂ ਦਾ ਬਲ ਵੀ ਨਹੀਂ ਫਲਦਾ ਜਗਤ ਵਿਚ ਦੇਖੋ ਵਿਚਾਰ ਕੇ ਕਈ ਬੜੇ ਬਲਵਾਨ ਭੁਖੇ ਹੀ ਮਰਦੇ ਹਨ ਫਿਰ ਦੇਖੋ ਮੂਰਖਾਂ ਦੇ ਸਾਹਮਣੇ ਬੜੇ ਵਿਦਵਾਨ ਨੌਕਰ ਹਨ ਸੇਵਾ ਕਰਨ ਵਾਲੇ ਕਾਇਰ ਕੀ ਟਹਿਲ ਸੂਰਬੀਰ ਕਰ ਰਹੇ ਹਨ। ਯਥਾ—

ਰਾਜਾ ਕਰੇ ਮੂਢ ਆਗੇ ਚਾਕਰ ਚਤਰ ਕਰੇ,
ਸਾਂਠੇ ਕਰੀ ਗਾਂਠ ਮਧ ਸਾਖੀ ਡਕਲਾਯੋ।

ਆਪਣੀ ਲਜਾ ਕੋ ਤਯਾਗ ਕਰ ਟਹਿਲ ਕਰ ਰਹੇ ਹਨ ਹੋਰ ਕੁਛ ਵੀ ਨਹੀਂ ਜਗਤ ਵਿਚ ਫਲਦਾ ਜੈਸੇ ਪਿਛਲੇ ਕੀਤੇ ਹੋਏ ਪੁੰਨ ਫਲਦੇ ਹਨ, ਬ੍ਰਿਛ ਜੈਸੇ ਰਿਤੂ ਵਿਚ ਫਲਦਾ ਹੈ ॥ ੨੫ ॥

Sri Satguru Jagjit Singh Ji Elibrary NamdhariElibrary@gmail.com

**ਸ੍ਵੈਯਾ॥ ਜੋ ਜਨ ਸੇਵਤ ਪਾਦ ਬਲੀ ਜਨ ਭ੍ਰਿਤ ਭਏ ਪਿਖੀਏ ਜਗ ਮਾਂਹੀ। ਤੇ ਜਨ ਪੁੰਨ ਪ੍ਰਭਾਵ ਕੂ ਪਾਇ ਸੁ ਭੂਪ ਭਏ ਭਵਮੰਡਲ ਮਾਂਹੀਂ। ਪੁੰਨ ਗਏ ਨਰ ਭੀਖ ਗਹੇ ਅਰੁ ਭਿੱਛਕ ਭੂਮ ਭਏ ਭਵ ਮਾਹੀਂ। ਔਰ ਫਲੇ ਨਹਿੰ ਕੋ ਜਗ ਮੈਂ ਕ੍ਰਿਤਿ ਪੁੰਨ ਫਲੇ ਦ੍ਰੁਮ ਜਯੋਂ ਰਿਤੁ ਮਾਂਹੀ॥ ੨੬॥**

ਟੀਕਾ–ਜੇਹੜਾ ਪੁਰਸ਼ ਸੇਵਾ ਕਰੇ ਕਿਸੇ ਬਲੀ ਪੁਰਸ਼ ਕੀ ਸੋ ਦਿਨ ਪਾ ਕਰ ਰਾਜਾ ਹੋ ਜਾਂਦਾ ਹੈ ਪ੍ਰੰਤੂ ਕੁਛ ਪੂਰਬਲੇ ਪੁੰਨਾ ਕਰਕੇ ਓਹ ਜਮ ਪੁੰਨ ਕੇ ਪ੍ਰਭਾਵ ਪਰਤਾਪ ਸੇ ਰਾਜੇ ਹੋਏ ਇਸ ਧਰਤ੍ਰੀ ਮੰਡਲ ਵਿਚ ਜਿਸ ਵਕਤ ਪੁੰਨ ਛੀਨ ਹੋ ਜਾਨ ਤਾਂ ਪੁਰਸ਼ ਮੰਗਤਾ ਹੋ ਜਾਂਦਾ ਹੈ ਜੈਸੇ ਕਈ ਰਾਜੇ ਰਾਜ ਛੋਡ ਕਰ ਫਕੀਰ ਹੋਇ ਓਹ ਵੀ ਪੁੰਨਾ ਕੀ ਗਤੀ ਹੈ ਹੋਰ ਕੁਛ ਨਹੀਂ ਫਲ ਦਾ ਜਗਤ ਵਿਚ ਜੈਸੇ ਕੀਤੇ ਹੋਇ ਪੁੰਨ ਬ੍ਰਿਛ ਵਾਂਗੂ ਫਲਦੇ ਹੈਂ ਰਿਤੁ ਸਮੇਂ ਮੇਂ ॥ ੨੬ ॥

**ਸ੍ਵੈਯਾ॥ ਦੇਸ ਫਲੇ ਨਾ ਬਿਦੇਸ ਫਲੇ ਕਛੁ ਪੂਰਬ ਉਤਰ ਮੋ ਫਲ ਨਾਹੀਂ। ਦਖਣ ਪੱਛਮ ਮਾਂਹਿ ਨਹੀਂ ਫਲ ਨਾਹਿ ਅਹੇ ਸਰਤਾ ਤਟ ਮਾਂਹੀਂ। ਬੈਠਨ ਨਾਂਹਿ ਫਲੇ ਜਗ ਮੈ ਅਰ ਨਾਂਹਿ ਫਲੇ ਰਟਨੋ ਜਗ ਮਾਂਹੀਂ। ਔਰ ਫਲੇ ਨਹਿ ਕੋ ਜਗ ਮੈ ਕ੍ਰਿਤਿ ਪੁੰਨ ਫਲੇ ਦ੍ਰੁਮ ਜਯੋਂ ਰਿਤੁ ਮਾਹੀਂ॥ ੨੭॥**

ਟੀਕਾ--ਪੁੰਨ ਤੋਂ ਬਿਨਾਂ ਆਪਣੇ ਦੇਸ਼ ਵਿਚ ਵੀ ਸੁਖ ਨਹੀਂ ਅਤੇ ਹੋਰ ਕਿਸੇ ਦੇਸ ਵਿਚ ਵੀ ਸੁਖ ਨਹੀਂ ਫਲਦਾ ਅਤੇ ਚਾਰੇ ਹੀ ਦਿਸ਼ਾ ਫਿਰੇ ਪੁੰਨਾਂ ਤੋਂ ਬਿਨਾਂ ਤਿਸ ਕੋ ਕੁਛ ਫਲ ਨਹੀਂ ਫਿਰ ਗੰਗਾ ਆਦਿਕ ਨਦੀਆਂ ਕੇ ਕਿਨਾਰੇ ਵੀ ਫਲ ਨਹੀਂ ਪੁੰਨਾ ਬੈਠਣਾ ਵੀ ਨਹੀਂ ਬਣਦਾ ਫਿਰਨਾ ਵੀ ਦੇਸ ਬਦੇਸ਼ ਨਹੀਂ ਬਣਦਾ ਹੋਰ ਕੁਛ ਨਹੀਂ ਫਲਦਾ ਜੈਸੇ ਪੁੰਨ ਫਲਦੇ ਹੈਂ ॥ ੨੭ ॥

**ਸ੍ਵੈਯਾ॥ ਬਾਲਕ ਨਾਰਿ ਫਲੇ ਜਗ ਮੈ ਅਰੁ ਜੋਬਨ ਮਾਹਿ ਕਛੂ ਫਲ ਨਾਹੀਂ ਜਾਰਨ ਨਾਹਿ ਫਲੇ ਜਗ ਮੈ ਅਰੁ ਬਾਂਧਵ ਨਾਹਿ ਫਲੇ ਜਗ ਮਾਂਹੀਂ। ਮੀਤ ਫਲੇ ਨਹਿ ਨੀਤ ਫਲੇ ਕੁਲ ਰੀਤ ਫਲੇ ਭਵ ਮੈਂ ਕਹੁ ਕਾਂਹੀ। ਔਰ ਫਲੇ ਨਹਿੰ ਕੋ ਜਗ ਮੈਂ ਕ੍ਰਿਤਿ ਪੁੰਨ ਫਲੈਂ ਦ੍ਰੁਮ ਜਯੋਂ ਰਿਤੁ ਮਾਂਹੀਂ ॥ ੨੮॥**

ਟੀਕਾ--ਬਾਲ ਬਿਰਧ ਜਵਾਨੀ ਤੀਨੋਂ ਹੀ ਅਵਸਥਾ ਪੁੰਨਾ ਤੋਂ ਬਿਨਾ ਨਹੀਂ ਫਲ ਦਾਇਕ। (ਜਾਰਨ) ਬ੍ਰਿਧ ਅਵਸਥਾ ਵ ਪਾਠੰਤਰ, ਜਾਰਨ, ਯਾਰਾਂ ਦੋਸਤਾਂ ਕਰਕੇ ਅਤੇ ਹੋਰ ਘਰ ਕੇ ਸਨਬੰਧੀਆਂ ਵ ਪਿਆਰਿਆਂ ਕਰਕੇ ਵੀ ਜਗਤ ਵਿਚ ਨਹੀਂ ਫਲ ਪੁੰਨਾਂ ਤੋਂ ਬਿਨਾਂ, ਬਹੁਤ ਮਿਤਰਾਂ ਵਿਚ ਵੀ ਫਲ ਨਹੀਂ ਅਤੇ ਰਾਜਨੀਤ ਵੀ ਫਲ ਦਾਇਕ ਨਹੀਂ ਇਤਆਦਿਕ ਜਗਤ ਵਿਚ ਕੁਛ ਨਹੀਂ ਫਲਦਾ ਤੇ ਪੁੰਨ ਹੀ ਫਲਦਾ ਹੈ ਪੂਰਬਲਾ ਕੀਤਾ ਹੋਇਆ ॥ ੨੮ ॥

**ਸ੍ਵੈਯਾ ॥ ਨਾਹਿੰ ਫਲੇ ਜਗ ਮਾਂਹਿੰ ਨਿਸੇਸ ਦਿਨੇਸ ਫਲੇ ਜਗ ਮੈਂ ਕਹੁ ਕਾਂਹੀ ॥ ਪੁੰਨ ਬਿਨਾ ਫਲ ਆਹਿ ਕਹਾਂ ਬਿਧਿ ਲੋਕ ਸੁ ਭੂਮਿ ਰਸਾਤਲ ਮਾਂਹੀ। ਨਾਹਿ ਸੁਰੇਸ ਫਲੇ ਜਗ ਮੈ ਸੁ ਮਹੇਸ ਫਲੈ ਜਗ ਮੈ ਕਹੁ ਕਾਂਹੀ। ਔਰ ਫਲੇ ਨਹਿੰ ਕੋ ਜਗ ਮੈ ਕ੍ਰਿਤਿ ਪੁੰਨ ਫਲੇ ਦ੍ਰੁਮ ਜਯੋਂ ਰਿਤੁ ਮਾਂਹੀ ॥ ੨੯ ॥**

ਟੀਕਾ--ਚੰਦਰਮਾ ਸੂਰਜ ਵੀ ਜਗਤ ਵਿਚ ਪੁੰਨਾਂ ਤੋਂ ਬਿਨਾ ਫਲ ਨਹੀਂ ਦੇਂਦੇ, ਪੁੰਨਾਂ ਤੋਂ ਬਿਨਾਂ ਫਲ ਕਿਥੇ ਬ੍ਰਹਮਾ ਨੇ ਲਿਖਿਆ ਹੈ ਭਾਵ ਸਾਰੀ ਧਰਤੀ ਪਤਾਲ ਤਾਈਂ ਦੇਖ ਆਏ ਪਰ ਇੰਦਰ ਅਤੇ ਸ਼ਿਵ ਜੀ ਵੀ ਪੁੰਨਾਂ ਤੋਂ ਬਿਨਾਂ ਕੁਛ ਨਹੀਂ ਦੇ ਸਕਦੇ, ਹੋਰ ਕੁਛ ਨਹੀਂ ਫਲਦਾ ਜੈਸੇ ਰਿਤੂ ਵਿਚ ਬ੍ਰਿਛ ਫਲਦਾ ਹੈ ਤੈਸੇ ਪੁੰਨ ਫਲਦੇ ਹਨ ॥ ੨੯ ॥

**ਸ੍ਵੈਯਾ ॥ ਇਕ ਦੇਵਹਿ ਬੰਦਤ ਹੌਂ ਭਵ ਮੈ ਜੋਇ ਚਾਤੁਰ ਤੇ ਖਲ ਸੇਵ ਕਰਾਏ। ਜਗ ਭਿੱਛਕ ਕੋ ਖਿਣ ਏਕ ਭਏ ਮਹਿ ਮੰਡਲ ਰਾਜ ਕੋ ਸੂਖ ਭੁਗਾਏ। ਮਹਿ ਮੰਡਲ ਕੇ ਪਤਿ ਕੋ ਖਿਣ ਮੈਂ ਦਰ ਹੀ ਦਰਮਾਹਿ ਸੁ ਭੀਖ ਮੰਗਾਏ। ਭਵਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨਾ ਪਾਏ ॥ ੩੦ ॥**

ਟੀਕਾ--ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਮੈਂ ਇਕ ਅਕਾਲ ਪੁਰਖ ਪ੍ਰਕਾਸ਼ ਰੂਪ ਕੋ ਨਮਸਕਾਰ ਕਰਤਾ ਹੂੰ ਜੋ ਇਸ ਸੰਸਾਰ ਵਿਚ ਅਕਲ ਵਾਲਿਆਂ ਪਾਸੋਂ ਮੂਰਖਾਂ ਕੀ ਟਹਿਲ ਕਰਾਂਵਦਾ ਹੈ ਫਿਰ ਇਸ ਜਗਤ ਵਿਚ ਮੰਗਤਿਆਂ ਪਾਸੋਂ ਇਕ ਛਿਨ ਮਾਤਰ ਵਿਚ ਧਰਤੀ ਮੰਡਲ ਕਾ ਰਾਜ ਭੁਗਾਂਵਦਾ ਹੈ ਅਤੇ ਫਿਰ ਧਰਤੀ ਮੰਡਲ ਕੇ ਰਾਜਿਆਂ ਪਾਸੋਂ ਇਕ ਛਿਨ ਵਿਚ ਦਰਵਾਜ਼ੇ ੨ ਦੀ ਭਿਖਿਆ ਮੰਗਾਂਵਦਾ ਹੈ ਇਸ ਸੰਸਾਰ ਵਿਚ ਬੇਅੰਤ ਗਤੀ ਹੈ ਈਸ਼ੁਰ ਕੀ ਸਾਰੇ ਹੀ ਹਾਰ ਗਏ ਕਿਸੇ ਕੋ ਵੀ ਅੰਤ ਨਹੀਂ ਆਇਆ ॥ ੩੦ ॥

Sri Satguru Jagjit Singh Ji Elibrary NamdhariElibrary@gmail.com

ਸ੍ਵੈਯਾ॥ ਜਗ ਬੀਰਨ ਕੇ ਕਰ ਚੀਰ ਹਰੇ ਅਰ ਧੀਰਨ ਕੇ ਉਰ ਧੀਰ ਛੁਡਾਏ ਕਾਤਰ ਕੋ ਮਹਿ ਮੰਡਲ ਕੋ ਜਨਕੋਵਿਦ ਬੀਰਨ ਬੀਰ ਕਹਾਏ। ਗ੍ਰਿਹਿ ਦੋ ਡਗ ਨਾਹਿ ਚਲੇ ਪਗਸੋਂ ਤਿਨ ਕੋ ਗਿਰਿ ਕੋਟਨ ਕੋਟ ਲੰਘਾਏ। ਭਵ ਮਾਹਿ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨਾ ਪਾਏ॥ ੩੧॥

ਟੀਕਾ--ਤਾਂ ਵੀ ਬਲਵਾਨ ਐਸੀ ਹੈ ਜਿਸਤਾ ਕੁਛ ਅੰਤ ਪਾਯਾ ਨਹੀਂ ਜਾਂਦਾ ਹੈ ਦੇਖੀਏ ਇਸ ਸੰਸਾਰ ਵਿਚ ਬੜੇ ਬੜੇ ਸੂਰਮਿਆਂ ਕੇ ਹਥਾਂ ਵਿਚ ਧਨਖ ਬਾਨ ਖੋਹ ਲੈਂਦਾ ਹੈ ਅਤੇ ਧੀਰਜ ਵਾਲਿਆਂ ਦੇ ਰਿਦੇ ਦੀ ਧੀਰਜ ਦੂਰ ਕਰਦਾ ਹੈ ਧੀਰਜ ਵਾਲੇ ਵੀ ਐਸੇ ਐਸੇ ਹੋਏ ਹਨ॥

॥ ਦੋਹਰਾ ॥

ਫਨੀ ਫਨਿਨ ਪੈ ਪਗ ਧਰਤ ਭੂਤਨ ਸੋ ਬਤਰਾਤ॥<br>
ਪੂਛਤ ਗੈਲ ਕੁਰੈਲ ਸੋ ਨਿਸ ਮੈ ਪਿਯ ਪੈ ਜਾਤ॥

ਪ੍ਰੰਤੂ ਜੇ ਓਹ ਈਸ਼ਵਰ ਐਸੀਆਂ ਐਸੀਆਂ ਦੀ ਧੀਰਜ ਉਤਾਵਨਾ ਚਾਹੇ ਤੋ ਉਡਾ ਦੇਂਦਾ ਹੈ। ਫਿਰ ਜੇ ਈਸ਼ਵਰ ਚਾਹੇ ਤਾਂ ਮੂਰਖ ਪਾਸੋਂ ਪੰਡਤ ਨੂੰ ਹਾਰ ਦੇਵਾਂਵਦਾ ਹੈ।

(ਯਥਾ) ਭਾਈ ਗੁਰਦਾਸ ਜੀ॥<br>
ਵਾਰ ਬਤੀ ੩੨॥ ਪੌੜੀ ਅਠਾਰਵੀਂ ੧੮॥

ਗੋਸ਼ਟ ਗਾਂਗੇ ਤੇਲੀਐ ਪੰਡਿਤ ਨਾਲ ਹੋਵੇ ਜਗ ਦੇਖੈ॥<br>
ਖਤੀ ਕਰੈ ਇਕ ਅੰਗਲੀ ਗਾਂਗਾ ਦੁਇ ਵੇਖਾਲੇ ਰੇਖੈ॥<br>
ਫੇਰ ਉਚਾਇ ਪੰਜਾਗਲਾ ਗਾਂਗਾ ਮੁਠ ਹਿਲਾਇ ਅਲੇਖੈ॥<br>
ਪੈਰੀ ਪੈ ਉਠ ਚਲਿਆ ਪੰਡਿਤ ਹਾਰ ਭੁਲਾਵੈ ਭੇਖੈ॥<br>
ਨਿਰਗੁਣ ਸਰਗੁਣ ਅੰਗਦੁਇ ਪ੍ਰਮੇਸਰ ਪੰਜ ਮਿਲਨ ਸਰੇਖੈ॥<br>
ਅੱਖੀਂ ਦੋਵੈ ਭੰਨਸਾਂ ਮੁਕੀ ਲਾਇ ਹਲਾਇ ਨਿਮੇਖੈ॥<br>
ਮੂਰਖ ਪੰਡਿਤ ਸੁਰਤਿ ਵਿਸੇਖੈ॥

ਇਸੀ ਤਰਾਂ ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਨੇ ਝੀਵਰ ਪਾਸੋਂ ਪੰਡਤ ਕੋ ਹਾਰ ਦਿਵਾਂਈ ਸੀ ਇਸੀ ਹੀ ਤਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਈ ਹੰਕਾਰੀ ਕਵੀਆਂ ਕਾ ਮਾਨ ਘਾਸ ਵਾਲਿਆਂ ਪਾਸੋਂ ਤੁੜਾਯਾ ਸੀ।

ਫਿਰ ਵੀਸ਼ਵਰ ਕੈਸਾ ਹੈ ਜੋ ਕਾਇਰਾਂ ਨੂੰ ਸੂਰਮਿਆਂ ਕਾ ਸੂਰਮਾਂ ਬਨਾਇ ਦੇਂਦਾ ਹੈ। ਫਿਰ ਜੋ ਘਰ ਤੇ ਦੋ ਪੈਰ ਵੀ ਨਾ ਚਲ ਸਕਦਾ ਹੋਵੇ ਸੰਸਾਰ ਕੇ ਹਜ਼ਾਰਾਂ ਕਰੋੜਾਂ ਹੀ ਪਰਬਤ ਅਤੇ ਕੂੰਟਾਂ ਗਿਨਾਇ ਦੇਂਦਾਂ ਹੈ।

Sri Satguru Jagjit Singh Ji Elibrary NamdhariElibrary@gmail.com

ਯਥਾ ॥
ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥
ਮੂਕ ਉਚਰੇ ਸ਼ਾਸਤ੍ਰ ਖਟ ਪਿੰਗ ਗਿਰਨ ਚਢ ਜਾਇ ॥
ਅੰਧ ਲਖੈ ਬਧਰੌ ਸੁਨੈ ਜੌ ਕਾਲ ਕ੍ਰਿਪਾ ਕਰਾਇ ॥

ਇਸ ਸੰਸਾਰ ਵਿਚ ਬੇਅੰਤ ਗਤੀ ਹੈ ਈਸ਼੍ਵਰ ਕੀ ਕੋਈ ਵੀ ਓਸ ਕਾ ਅੰਤ ਨਹੀਂ ਪਾ ਸਕਦਾ ॥ ੩੧ ॥

**ਸ੍ਵੈਯਾ ॥ ਸੁਤ ਪੰਡੁ ਮਹੀਪਤਿ ਕੇ ਜਿਹਨੇ ਹਰ ਰਾਜਹਿ ਕਾਨਨ ਮਾਹਿ ਫਿਰਾਏ। ਖਿਨ ਮਾਹਿ ਸੁ ਛੱਤ੍ਰ ਛਿਨਾਏ ਲਏ ਦੁਰਜੋਧਨ ਕੇ ਤਨ ਭੂਮ ਰੁਲਾਏ। ਨਲ ਸੇ ਮਹਿਪਾਲ ਕੇ ਰਾਜ ਹਰੇ ਹਰਿ ਹਰਿ ਚੰਦ ਬਨਾਰਸ ਜਾਇ ਬਿਕਾਏ। ਭਵ ਮਾਂਹਿੰ ਅਗਾਧ ਗਤੀ ਤਿਨਕੀ ਸਭ ਹਾਰ ਪਰੇ ਗਤਿ ਕੋਇ ਨਾ ਪਾਏ ॥ ੩੨ ॥**

ਟੀਕਾ—ਦੇਖੋ ਕਰਮਾਂ ਕੀ ਗਤੀ ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਪੰਜ ਰਾਜਾ ਕੇ ਪੁਤਰ ਜੁਧਿਸ਼ਟਰ ੧ ਅਰਜਨ ੨ ਭੀਮਸੈਨ ੩ ਨੁਕਲ ੪ ਸਹਦੇਵ ੫ ਏਹ ਪਾਂਚੋਂ ਹੀ ਧਰਤੀ ਕੇ ਮਾਲਕ ਕੇ ਪੁਤਰ ਹਨ ਤਿਨਕਾ ਰਾਜ ਦੂਰ ਹੋ ਗਿਆ ਤਬ ਜੰਗਲ ਕੇ ਵਿਚ ਪਏ ਫਿਰਦੇ ਰਹੇ ਅਤੇ ਬੜਾ ਦੁਖ ਪਾਇਆ ਐਸੀ ਭਾਈ ਕੀ ਗਤੀ ਫਿਰ ਦੇਖੋ ਐਸੀ ਦੁਰਜੋਧਨ ਉਤੇ ਭਾਵੀ ਆਈ ਕਿ ਦੁਰਜੋਧਨ ਕੇ ਸਿਰ ਤੋਂ ਵੀ ਛਤਰ ਦੇਵਨੇਤ ਨੇ ਛੀਨ ਲਿਆ ਅਤੇ ਸਿਰ ਤਿਸਕੇ ਧਰਤੀ ਉਤੇ ਰੁਲੇ ਹਨ ਭੂਮਕਾ ਵਿਚ ਦੇਖੋ ਰਾਜਾ ਨਲ ਵਰਗਿਆਂ ਨੇ ਕਿਤਨਾ ਦੁੱਖ ਪਾਇਆ ਜੰਗਲ ਦੇ ਵਿਚ ਭਟਕਦੇ ਫਿਰੇ ਦੋਨੋਂ ਇਸਤਰੀ ਪੁਰਸ਼, ਧਰਤੀ ਕੇ ਮਾਲਕ ਐਸੇ ਐਸੇ ਰਾਜੇ ਦੁੱਖ ਪਾਂਵਦੇ ਫਿਰੇ। ਫਿਰ ਦੇਖੋ ਰਾਜੇ ਹਰੀਚੰਦਰ ਕਾ ਪ੍ਰਸੰਗ ਕਿ ਜਿਸ ਨੇ ਧਰਮ ਦੇ ਵਾਸਤੇ ਆਪਣਾ ਰਾਜ ਭਾਗ ਇਸਤਰੀ ਪੁਤਰ ਸਭ ਵੇਚ ਦਿਤੇ ਅਤੇ ਆਪ ਕਾਂਸ਼ੀ ਵਿਚ ਚੰਡਾਲ ਘਰ ਜਾ ਵਿਕਿਆ ਇਸ ਸੰਸਾਰ ਵਿਚ ਬਿਅੰਤ ਗਤੀ ਹੈ ਈਸ਼ਵਰ ਕੀ ਕੁਝ ਕਹਿਆ ਨਹੀਂ ਜਾਂਦਾ ਅਤੇ ਕਿਸੇ ਨੇ ਵੀ ਉਸ ਕਾ ਅੰਤ ਨਹੀਂ ਪਾਇਆ ॥ ੩੨ ॥

**ਸ੍ਵੈਯਾ ॥ ਸੁਰ ਕੇ ਪਤਿ ਕੋ ਗਹਿ ਕੇ ਜਿਹਿਨੇ ਮਹਿ ਮੰਡਲ ਮੇ ਗਢ ਲੰਕ ਦਿਖਾਏ। ਗਢ ਕਾਂਚਨ ਸਾਗਰ ਕੀ ਪਰਖਾ ਤਹਾਂ ਰਾਵਣ ਕੇ ਦਸ ਮੂੰਡ ਕਟਾਏ ॥ ਅਬ ਔਰਨ ਬਾਤ ਕਹਾਂ ਕਹੀਏ ਹਰਿ ਤਾਤਹਿ ਕੇ ਪਦ ਸੰਗਲ ਪਾਏ। ਭਵ ਮਾਹਿ ਅਗਾਧ ਗਤੀ ਤਿਨ ਕੀ ਸਭ ਹਾਰ ਪਰੇ ਗਤਿ ਕੋਇ ਨ ਪਾਏ ॥ ੩੩ ॥**

ਟੀਕਾ–ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਓਸ ਈਸ਼ਵਰ ਕੀ ਬੜੀ ਅਗਾਧ ਗਤੀ ਹੈ ਕਿ ਇੰਦਰ ਕੋ ਪਕੜ ਕੇ ਜਿਨਾਂ ਨੇ ਧਰਤੀ ਉਪਰ ਲੈ ਆਂਦਾ, ਲੰਕਾ ਕਾ ਸੈਲ ਕਰਾਇਆ ਫਿਰ ਕਿਲ ਵਿਚ ਕੈਦ ਰਿਹਾ ਬਾਗਵਾਨ ਹੋ ਬੂਟਿਆਂ ਨੂੰ ਪਾਣੀ ਦੇਂਦਾ ਰਿਹਾ, ਕਿਲਾ ਸੋਨੇ ਦਾ ਅਤੇ ਆਸ ਪਾਸ ਪੁਟਕੇ ਖਾਈ ਕੌਣ ਬਨਾ ਸਕੇ ਹੈ ਸਮੁੰਦਰ ਖਾਈ ਦੀ ਨਿਆਈ ਹੈ, ਐਸੀ ਬਾਤ ਕੌਣ ਬਣਾ ਸਕਦਾ ਹੈ, ਏਹ ਰਾਵਣ ਨੇ ਬਣਾਈ ਸੀ ਸਮੁੰਦਰ ਦੀ ਤਰਫ ਵੀ ਉਸ ਲੰਕਾ ਵਿਚ ਨਾ ਰਹਿਣਾ ਮਿਲਿਆ ਦਸ ਸਿਰ ਵੀ ਰਾਮਚੰਦਰ ਜੀ ਨੇ ਰਾਵਣ ਕੇ ਕਟ ਸੁਟੇ ਅੰਤ ਕੋ ਭਾਵੀ ਨੇ ਐਸੀ ਬਿਪਤਾ ਪਾਈ ਦਮੋਦਰੀ ਆਦਿਕ ਘਰ ਕਾ ਸਭ ਟਬਰ ਸਮਝਾਇ ਰਿਹਾ ਤਾਂ ਉਹ ਨਾ ਸਮਝਿਆ ਫਿਰ ਕਵੀ ਜੀ ਕਹਿੰਦੇ ਹਨ ਕਿ ਹੁਣ ਹੋਰਨਾਂ ਦੀ ਗਲ ਕੀ ਕਹੀਏ ਜੋ ਹਰੀਕ੍ਰਿਸ਼ਨ ਜੀ ਕੇ ਪਿਤਾ ਵਸੁਦੇਵ ਕੋ ਕੰਸ ਨੇ ਕੈਦ ਕੀਤਾ ਅਥਵਾ ਰਾਮਚੰਦਰ ਕੇ ਪਿਤਾ ਜਥਰਥ ਕੇ ਪੈਰਾਂ ਕੋ ਕੇਕਈ ਨੇ ਸੰਗਲ ਪਾਇ ਸੀ ਕਿ ਮੈਨੂੰ ਹੁਣੇ ਹੀ ਵਰ ਦੇਵੋ ਪਰਮੇਸ਼ਰ ਕੀ ਬਿਅੰਤ ਗਤੀ ਹੈ ਇਸ ਸੰਸਾਰ ਵਿਚ ਕੋਈ ਅੰਤ ਨਹੀਂ ਆਂਵਦਾ ਸਭ ਰਿਖੀ ਮੁਨੀ ਉਸ ਕੇ ਅੰਤ ਕੋ ਖੋਜਦੇ ਮਰ ਗਏ ਪਰ ਅੰਤ ਨਾ ਪਾਇਆ ਦੇਖੋ ਹੋਰਨਾਂ ਕੀ ਕਿਆ ਬਾਤ ਹੈ॥ ੩੩॥

**ਸ੍ਵੈਯਾ॥ ਕ੍ਰਿਤਿ ਪੂਰਬ ਆਹਿ ਸੁਭਾ ਫਲ ਜੋ ਤਿਨ ਦੇਵਨ ਕੋ ਜਗ ਭੀਤਰ ਆਏ ਬਲ ਤੇ ਫਲ ਦੇਹ ਸਭੈ ਜਨਕੋ ਡਗ ਨਾਹਿ ਸਕੇ ਤਿਹਿ ਕੋਇ ਮਿਟਾਏ। ਨਿਸ ਪੇਖਨ ਡੀਲਹਿ ਤਾਰ ਸਮੰ ਵਸ ਲੋਗਨ ਕੇ ਬਹੁ ਭਾਂਤਿ ਫਿਰਾਏ। ਭਵ ਮਾਂਹਿ ਅਗਾਧਿ ਗਤੀ ਤਿਨਕੀ ਸਭ ਹਾਰ ਪਰੈ ਗਤਿ ਕੋਇ ਨ ਪਾਏ॥ ੩੪॥**

ਟੀਕ–ਭਾਈ ਗੁਲਾਬ ਸਿੰਘ ਜੀ ਪੂਰਬਲੇ ਪੁੰਨਾਂ ਕੀਤਿਆਂ ਉਪਰ ਹੀ ਨਿਬੇੜਾ ਕਰਦੇ ਹਨ ਕਿ ਜੋ ਮਾੜੇ ਚੰਗੇ ਕਰਮ ਕੀਤੇ ਸੋ ਏਹਨਾਂ ਸੰਸਾਰ ਕੇ ਜੀਵਾਂ ਕੋ ਫਲ ਦੇਵਣ ਵਾਸਤੇ ਆਏ ਹਨ ਜੋ ਚੰਗੇ ਚੰਗੇ ਪਦਾਰਥ ਭੋਗ ਰਹੇ ਹਨ ਸੋ ਪੂਰਬਲੇ ਦਿਤੇ ਹੋਏ ਛਕ ਰਹੇ ਹਨ ਜੋ ਪੁਰਸ਼ ਦਰ ਦਰ ਮੰਗ ਰਹੇ ਹਨ ਤਿਨਾਂ ਨੇ ਪਿਛੇ ਕੁਛ ਨਹੀਂ ਕਿਸੇ ਨੂੰ ਦਿਤਾ ਹੋਯਾ ਸੋ ਅਬ ਤਿਸਕਾ ਫਲ ਦੋਹਾਂ ਨੂੰ ਮਿਲਦਾ ਹੈ ਇਸ ਜਗਤ ਵਿਚ, ਬਲ ਕਰਕੇ ਫਲ ਸਭ ਕੋ ਮਿਲਦਾ ਹੈ ਜੈਸਾ ਜੈਸਾ ਕਿਸੇ ਜੀਵ ਨੇ ਪੁੰਨ ਕੀਤਾ ਹੋਵੇ ਤਿਸ ਫਲ ਨੂੰ ਯਾਂ ਅਫਲ ਨੂੰ ਕੋਈ ਵੀ ਨਹੀਂ ਮਿਟਾਇ ਸਕਦਾ ਹੈ। (ਨਸਪੇਖਨ) ਰਾਤ੍ਰੀ ਕੇ ਸਮੇਂ ਜੋ ਦੇਖੀ ਦੀ ਹੈ ਨਾਚ ਕਰਦੀ ਸੋ ਮਦਾਰੀ ਕੀ ਪੁਤਲੀ ਹੈ ਤਿਸਕਾ ਸਰੀਰ ਜੈਸੇ ਤਾਰ ਦੇ ਨਾਲ ਪਰੋਇਆ ਹੁੰਦਾ ਹੈ ਤਾਂ ਨਚਦੀ ਹੈ ਜਿਸ ਕੇ ਸਮਾਨ ਇਕ ਜਗਤ ਕੇ ਜੀਵ ਪੁੰਨ ਪਾਪ ਰੂਪੀ ਫਲ ਦੇ ਵਿਚ ਪਰੋਇ ਹੋਏ ਬਹੁਤ ਤਰਾਂ ਕਰਕੇ ਭ੍ਰਮ ਰਹੇ ਹਨ ਇਸ ਸੰਸਾਰ ਵਿਚ ਬਿਅੰਤ ਗਤੀ ਹੈ

ਈਸ਼ਵਰ ਕੀ ਕਿਸੇ ਨੂੰ ਵੀ ਤਿਸ ਕਾ ਅੰਤ ਨਹੀਂ ਆਂਵਦਾ ਸਭ ਰਿਖੀ ਮੁਨੀ ਹਾਰ ਗਏ ਹਨ ॥ ੩੪ ॥

**ਦੋਹਰਾ ॥ ਖੋਟਨ ਕੀ ਸੰਗਤਿ ਕਰੇ ਕਰੇ ਲੋਭ ਜਨ ਜੋਇ॥ ਸੁਨੋ ਸਕਲ ਸਾਚੀ ਕਹੋਂ ਦੁਖੀ ਹੋਇ ਜਗ ਸੋਇ॥ ੩੫ ॥**

ਟੀਕਾ—ਭਾਈ ਗੁਲਾਬ ਸਿੰਘ ਜੀ ਅਬ ਪਿਛਲਾ ਪ੍ਰਸੰਗ ਮੁਕਾਇਆ ਅਬ ਅਗੇ ਹੋਰ ਪ੍ਰਸੰਗ ਚਲਾਂਵਦੇ ਹਨ ਸੋ ਪ੍ਰਸੰਗ ਖੋਟਿਆਂ ਪੁਰਸ਼ਾਂ ਦੀ ਸੰਗਤ ਦੇ ਫਲ ਉਤੇ ਵਰਨਨ ਕੀਤਾ ਜਾਂਦਾ ਹੈ ਅਤੇ (ਪੁਨਾ) ਲੋਭ ਵਾਲੇ ਜੀਵਾਂ ਕਾ ਵਰਨਨ ਕਰਦੇ ਹਨ। ਜੋ ਕੋਈ ਪੁਰਸ਼ ਖੋਟਿਆਂ ਆਦਮੀਆਂ ਦੀ ਸੰਗਤ ਕਰਦਾ ਹੈ ਅਤੇ ਲੋਭ ਕਰਦਾ ਹੈ ਇਸ ਜਗਤ ਦੇ ਵਿਚ ਸੋ ਮੈਂ ਸਚੀ ਬਾਰਤਾ ਕਹਿੰਦਾ ਹਾਂ ਓਹ ਦੁਖੀ ਰਹੇਗਾ ਸਦੀਵ ਹੀ ਇਸ ਸੰਸਾਰ ਦੇ ਵਿਚ ॥ ੩੫ ॥

**ਸੈਯਾ ॥ ਤਿਲ ਤੇਲ ਕੇ ਸੰਗ ਲਹੇ ਦੁਖ ਕੋ ਰਸ ਸੰਗਹਿ ਤੇ ਜਗ ਈਖ ਪਿੜਾਏ। ਫਲ ਸੰਗਤ ਪਾਦਪ ਈਟ ਸਹੇ ਅਰਗੰਧ ਕਿ ਸੰਗਹਿ ਫੂਲ ਤਪਾਏ। ਕਰ ਤੰਦੁਲ ਸੰਗਤ ਕੋ ਜਗ ਮੈ ਪੁਨ ਸੀਰ ਬਿਖੈ ਤੁਖ ਮੂਸਲ ਖਾਏ। ਤਿਮ ਈਖ ਸਮੰ ਕਰ ਖੋਟਨ ਸੰਗਤ ਯਾ ਜਗ ਮੈ ਦੁਖ ਕੌਨ ਨ ਪਾਏ ॥ ੩੬ ॥**

ਟੀਕਾ—ਦੇਖੋ ਸੰਗਤ ਕਾ ਫਲ ਭਾਈ ਗੁਲਾਬ ਸਿੰਘ ਜੀ ਸੁਨਾਂਵਦੇ ਹਨ ਕਿ ਤਿਲਾਂ ਨੇ ਤੇਲ ਦੀ ਸੰਗਤ ਕਰਕੇ ਦੁਖ ਪਾਇਆ ਅਤੇ ਰਹੁ ਦੀ ਸੰਗਤ ਕਰਕੇ ਇਸ ਸੰਸ ਰ ਵਿਚ ਗੰਨੇ ਨੂੰ ਦੁਖ ਮਿਲਦਾ ਹੈ ਪਿਆ ਵੇਲਨੇ ਵਿਚ ਆਪਣਾ ਸਰੀਰ ਪੀੜਾਂਵਦਾ ਹੈ ਫਿਰ ਫਲ ਦੀ ਸੰਗਤ ਕਰਕੇ ਬ੍ਰਿਛ ਇੱਟਾਂ ਸਹਾਰਦਾ ਹੈ ਅਤੇ ਸੁਗੰਧੀ ਦੀ ਸੰਗਤ ਕਰਕੇ ਫੂਲਾਂ ਨੂੰ ਤਾ ਦੇਂਦੇ ਹਨ ਕੜਾਹੀਆਂ ਵਿਚ ਪਾ ਕਰਕੇ ਫਿਰ ਦੇਖੋ ਚਾਵਲਾਂ ਦੀ ਸੰਗਤ ਕਰਕੇ ਇਸ ਸੰਸਾਰ ਵਿਚ ਤੁਹ ਆਪਨੇ ਸਿਰ ਉਤੇ ਮੋਲੀਆਂ ਖਾਂਦੇ ਹਨ ਤਿਲਾਂ ਕੇ ਸਮਾਨ ਗੰਨੇ ਕੇ ਸਮਾਨ ਖੋਟਿਆਂ ਕੀ ਸੰਗਤ ਕਰਕੇ ਜਗਤ ਵਿਚ ਕੇਹੜਾ ਨਹੀਂ ਦੁੱਖ ਸਹਾਰਦਾ ਭਾਵ ਸਹਾਰਦਾ ਹੈ ॥ ੩੬ ॥

**ਸੈਯਾ ॥ ਨਾਦ ਕਿ ਲੋਭ ਤਜੇ ਮ੍ਰਿਗ ਪ੍ਰਾਨ ਸੁ ਬੀਨ ਸੁਨੇ ਅਹਿ ਆਪ ਬੰਧਾਏ॥ ਮੀਨ ਸੁ ਤਯਾਗ ਅਗਾਧ ਜਲੰ ਉਰ ਲੋਭ ਲਗੇ ਗਲ ਲੋਹ ਫਹਾਏ ਕਾਗਦ ਕੀ ਪੁਤਰੀ ਕਰਣੀ ਵਸ ਮੱਤ ਗਇੰਦ ਸੁ ਅੰਕਸ ਖਾਏ। ਯਾ ਭਵ ਮੰਡਲ ਮਾਹਿ ਸੁਨੋ ਉਰ ਲੋਭ ਕਰੇ ਦੁਖ ਕੌਨ ਨ ਪਾਏ ॥ ੩੭ ॥**

ਟੀਕਾ—ਜੈਸੇ ਘੰਡ ਹੇਹੜੇ ਦਾ ਸ਼ਬਦ ਸੁਣਕੇ ਮ੍ਰਿਗ ਆਪਨੇ ਪ੍ਰਾਨ ਦੇਂਦਾ ਹੈ ਜੋ ਫੰਦਕ ਬਣ ਦੇ ਵਿਚ ਜਾ ਕਰਕੇ ਕਿਸੀ ਜਗਾ ਉਤੇ ਐਸਾ ਖੜੇਕਰ ਸਾਜ ਬਜਾਂਵਦਾ ਹੈ ਸੋ ਉਸ ਕੋ ਸੁਣਕਰ ਮਿਰਗ ਆਪ ਹੀ ਉਸਕੇ ਪਾਸ ਆ ਖੜੋਂਦਾ ਹੈ ਜੋ ਚਾਹੇ ਸੋ ਕਰੇ ਐਸਾ ਉਸ ਬੀਨ ਕੋ ਸੁਣਕਰ ਆਪਣਾ ਆਪ ਬੰਧਾਂਵਦਾ ਹੈ ਇਸੀ ਤਰਾਂ ਲੋਭ ਕੇ ਕਾਰਨੰ ਬਹੁਤੇ ਜਲ ਨੂੰ ਮਛੀ ਛਡ ਕੇ ਰਿਦੇ ਵਿਚ ਐਸਾ ਲੋਭ ਹੁੰਦਾ ਹੈ ਕਿ ਆਪਣਾ ਆਪ ਆਟੇ ਦੇ ਖਾਣ ਵਾਸਤੇ ਕੁੰਡੀ ਨਾਲ ਆ ਬੰਧਾਂਵਦੀ ਹੈ ਇਸੀ ਤਰ੍ਹਾਂ ਹਾਥੀ ਨੂੰ ਫੜਦੇ ਹਨ ਕਿ ਇਕ ਕਾਂਗਜ਼ਾਂ ਕੀ ਹਸਤਨੀ ਬਣਾ ਕਰ ਉਜਾੜ ਵਿਚ ਲੈ ਜਾਂਦੇ ਹਨ ਤਾਂ ਹਾਥੀ ਉਸਨੂੰ ਦੇਖਕਰ ਪਾਸ ਆ ਜਾਂਦਾ ਹੈ। ਜਬ ਆਂਵਦਾ ਹੈ ਤਾਂ ਖੂਹ ਮੇਂ ਜਾ ਪੈਂਦਾ ਹੈ ਤਬ ਫੰਧਕ ਪਕੜ ਲੈਂਦੇ ਹਨ। ਓਹ ਮਸਤ ਹਾਥੀ ਫਿਰ ਆਪਣੇ ਸਿਰ ਉਤੇ ਲੋਭ ਕਰਕੇ ਕੁੰਡੇ ਸਹਾਰਦਾ ਹੈ ਹਥਵਾਨਾਂ ਦੇ। ਇਸ ਸੰਸਾਰ ਵਿਚ ਸੁਣੋ ਪਿਅ ਰਿਓ ਕਿਸ ਨੇ ਲੋਭ ਕਰਕੇ ਦੁਖ ਨਹੀਂ ਪਾਇਆ। ਭਾਵ ਸਭ ਨੇ ਪਾਇਆ ਹੈ। ਤਿਸ ਪਰ ਭਾਈ ਗੁਰਦਾਸ ਜੀ ਕਹਿੰਦੇ ਹਨ।

ਯਥਾ:—

ਦੀਪਕ ਜਲੇ ਪਤੰਗ ਵੰਸ ਫਿਰ ਦੇਖ ਨ ਹੱਟੇ॥
ਜਲ ਵਿਚਹੁ ਫੜ ਕੱਢੀਐ ਮਛ ਨੇਹੁ ਨਾ ਘੱਟੇ॥
ਘੰਡਾ ਹੇੜ ਮਿਰਗ ਜਿਉਂ ਸੁਨ ਨਾਦ ਪਲੱਟੇ॥
ਭਵਰੇ ਵਾਸ ਨਿਵਾਸ ਹੈ ਫੜ ਕਵਲ ਸਘੱਟੇ॥
ਗੁਰਮੁਖ ਸੁਖ ਫਲ ਪਿਰਮ ਰਸ ਬਹੁ ਬੰਧਨ ਕੱਟੇ॥
ਧੰਨ ਧੰਨ ਗੁਰਸਿਖ ਵੰਸ ਧਨ ਗੁਰਮਤ ਨਿਧਿ ਖੱਟੇ॥ ੩੭॥

**ਸ੍ਵੈਯਾ॥ ਗੀਝਨ ਮਾਸ ਗਹੇ ਮੁਖ ਮੈ ਪੁਨ ਤੁੰਡਨ ਤੇ ਨਿਜ ਮੁੰਡ ਕਟਾਇ॥ ਭ੍ਰਿੰਗ ਬਸ਼ੀ ਪਿਖ ਕੰਜ ਪ੍ਰਭਾ ਉਰ ਲੋਭ ਲਗੇ ਤਿਹਿ ਮਾਹਿ ਬੰਧਾਏ। ਰੂਪਕੇ ਲੋਭ ਪਤੰਗ ਦਹੇ ਅਰੁ ਚੋਗ ਕਿ ਲੋਭ ਬਿਹੰਗ ਫਹਾਏ। ਯਾ ਭਵ ਮੰਡਲ ਮਾਹਿ ਸੁਨੋਂ ਉਰ ਲੋਭ ਜਗੇ ਦੁਖੁ ਕੌਨ ਨਾ ਪਾਏ॥ ੩੮॥**

ਟੀਕਾ—ਫਿਰ ਦੇਖੋ ਉਸ ਲੋਭ ਕਾ ਹੋਰ ਬ੍ਰਿਤਾਂਤ ਕਿ ਗ੍ਰਿਝ ਡੰਗਰ ਆਦਿਕ ਕਾ ਜਦ ਮਾਸ ਪਕੜਦੇ ਹਨ ਮੁਖ ਵਿਚ ਤਾਂ ਓਹਨਾਂ ਦੇ ਮਗਰ ਹੋਰ ਗ੍ਰਿਝ ਦੌੜਦੇ ਹਨ ਤਾਂ ਉਸ ਪਹਿਲੇ ਗ੍ਰਿਝ ਦਾ ਜਿਸਨੇ ਮਾਸ ਮੁਖ ਵਿਚ ਪਕੜਿਆ ਹੁੰਦਾ ਹੈ ਉਸ ਦਾ ਹੋਰ ਗ੍ਰਿਝ ਇਕੱਠ ਹੋਕਰ ਆਪਣੀਆਂ ਚੁੰਝਾਂ ਨਾਲ ਉਸ ਦੇ ਸਿਰ ਨੂੰ ਕੱਟਦੇ ਹਨ ਤਾਂ ਉਹ ਆਪਣਾ ਆਪ ਮਰਵਾਂਵਦਾ ਹੈ, ਪ੍ਰੰਤੂ ਲੋਭ ਕਰਕੇ ਮਾਸ ਖਾਂਦਾ ਹੈ। ਜੇ ਉਹ ਮਾਸ ਦੀ ਬੋਟੀ ਛਡ ਦੇਵੇ ਤਾਂ ਸੁਖ ਪਾਂਵਦਾ ਹੈ। ਫਿਰ ਦੇਖੋ ਜੋ ਭੌਰਾ

Sri Satguru Jagjit Singh Ji Elibrary NamdhariElibrary@gmail.com

ਐਸਾ ਚਤਰ ਹੈ ਪ੍ਰੰਤੂ ਲੋਭ ਕਰਕੇ ਆਪਣਾ ਆਪ ਵਿਚ ਫਸਾਇ ਲੈਂਦਾ ਹੈ, ਜਬ ਸੰਧਿਆ ਸਮਾਂ ਹੁੰਦਾ ਹੈ ਤਾਂ ਸੂਰਜ ਅਸਤ ਹੋਵਣ ਲਗਦਾ ਹੈ ਤਾਂ ਭੌਰਾ ਉਤੇ ਕੰਵਲ ਦੇ ਜਾ ਬੈਠਦਾ ਹੈ; ਜਦ ਬੈਠਦਾ ਹੈ ਤਾਂ ਰਸ ਲੈਣ ਲਗਦਾ ਹੈ ਫਿਰ ਵਿਚ ਹੀ ਫਸ ਜਾਂਦਾ ਹੈ, ਪ੍ਰੰਤੂ ਉਠਦਾ ਨਹੀਂ ਕਿ ਮੈਂ ਉਡਾਰੀ ਮਾਰ ਉਡ ਜਾਵਾਂ ਉਹ ਵੀ ਕੰਵਲ ਐਸਾ ਬੇਦਰਦ ਹੈ ਕਿ ਛਡਦਾ ਨਹੀਂ ਹੈ। ੧. ਫਿਰ ਪਤੰਗ ਦੀਪਕ ਕਾ ਪ੍ਰਕਾਸ਼ ਦੇਖ ਕਰ ਉਪਰ ਜਾਕਰ ਜਲ ਮਾਰਦਾ ਹੈ ਉਸ ਕੇ ਨਾਲ ਦੇ ਵੀ ਦੇਖਦੇ ਹਨ ਕਿ ਮਰ ਗਿਆ ਹੈ ਦੀਵੇ ਉਪਰ ਜਾ ਕਰਕੇ ਤਾਂ ਆਪ ਵੀ ਨਹੀਂ ਹਟਦੇ, ਆਪ ਵੀ ਜਾਕਰ ਜਲ ਮਰਦੇ ਹਨ। ਚੋਗ ਦੇ ਕਾਰਨ ਪੰਛੀ ਆਪਣਾ ਆਪ ਬੰਧਾਂਵਦੇ ਹਨ ਕਿ ਬੱਚਿਆਂ ਵਾਸਤੇ ਚੋਗ ਲੈਣ ਗਏ ਤਾਂ ਫੰਧਕ ਨੇ ਫੜ ਹੀ ਲੈਣਾ ਹੈ ਇਸ ਸੰਸਾਰ ਵਿਚ ਸੁਣੋ ਭਾਈ ਰਿਦੇ ਦੇ ਲੋਭ ਜਾਗਣ ਦੇ ਕਾਰਨ ਕੇਹੜਾ ਦੁਖ ਨਹੀਂ ਪਾਂਵਦਾ ਹੈ ਭਾਵ ਪਾਂਵਦਾ ਹੈ ਜਿਸ ਪਰ ਭਾਈ ਗੁਰਦਾਸ ਜੀ ਵੀ ਕਹਿੰਦੇ ਹਨ। ਭਾਈ ਗੁਰਦਾਸ ਜੀ

(ਯਥਾ)

ਬੱਧਕ ਨਾਦ ਸੁਣਇਕੈ ਜਿਉਂ ਮਿਰਗ ਵਿਣਾਹੈ॥
ਝੀਵਰ ਕੁੰਡੀ ਮਾਸ ਲਾਇ ਜਿਉਂ ਮੱਛੀ ਫਾਹੈ॥
ਕਵਲ ਦਿਖਾਵੈ ਮੁਹੁ ਖਿੜਾਇ ਭੌਵਰੇ ਵੇਸਾਹੈ॥
ਦੀਪਕ ਜੋਤ ਪਤੰਗ ਨੋ ਦੁਰਗਨ ਜਿਉ ਦਾਹੈ॥
ਕਾਲ ਰੂਪ ਹੋ ਹਸਤਨੀ ਮੈਗਲ ਉਮਾਹੈ॥
ਤਿਉ ਨਕਟ ਪੰਥ ਹੈ ਮੀਣਿਆਂ ਮਿਲ ਨਰਕ ਨਿਬਾਹੈ॥ ੩੮॥

**ਸੈਯਾ॥ ਬਿਧਿ ਮਾਨਵ ਦੇਹ ਰਚੀ ਜਗ ਮੈਂ ਇਹਿ ਤੇ ਸਭ ਲੋਗਨ ਕੋ ਹਿਤ ਹੋਈ। ਇਨ ਮੇਂ ਸੁਭ ਸਾਧਨ ਕੋ ਕਰ ਕੈ ਜਗ ਕੀ ਪਦਵੀ ਨਹਿਂ ਹੇਰਤ ਕੋਈ। ਜਗ ਨਾਹਿ ਰਹੇ ਯਹਿ ਸੰਕ ਭਈ ਪੁਨ ਭੂਖ ਪਯਾਸ ਰਚੇ ਬਿਧਿ ਦੋਈ। ਜਿਸ ਤੇ ਸਭ ਸਾਧਨ ਧੂਰ ਮਿਲੇ ਦੁਖ ਦੋਇ ਨਿਵਾਰਨ ਦੌਰਤ ਲੋਈ॥ ੩੯॥**

ਟੀਕਾ—ਬ੍ਰਹਮਾ ਨੇ ਮਨੁਖਾਂ ਦੀ ਦੇਹ ਬਨਾਈ ਹੈ ਇਸ ਜਗਤ ਵਿਚ ਕਿ ਸਾਰਿਆਂ ਲੋਕਾਂ ਦਾ ਭਲਾ ਹੋਵੇਗਾ ਫਿਰ ਏਨਾ ਦੇ ਵਿਚ ਅਛਿਆਂ ਸਾਧਨਾ ਨੂੰ ਕੀਤਾ ਅਤੇ ਜਨਮ ਮਰਨ ਕਾ ਦੁਖ ਕੋਈ ਵੀ ਨਾ ਦੇਖੇਗਾ ਸਭ ਦੁਖਾਂ ਤੋਂ ਬਚ ਜਾਣਗੇ ਜਦ ਐਸੀ ਬਾਤ ਹੋਈ ਤਾਂ ਬ੍ਰਹਮਾ ਨੇ ਵਿਚਾਰਿਆ ਜਗਤ ਉਜਾੜ ਹੋ ਜਾਵੇਗਾ ਏਹ ਸ਼ੰਕਾ ਮਨ ਵਿਚ ਹੋਈ ਫਿਰ ਭੁਖ ਤੇ ਪਿਆਸ ਬਨਾ ਦਿਤੇ ਬ੍ਰਹਮਾ ਨੇ ਦੋਵੇਂ ਹੀ ਸੰਸਾਰ ਕੋ ਦੁਖ ਦੇਵਣ ਵਾਲੀਆਂ ਚੀਜ਼ਾਂ ਹਨ, ਇਸ ਵਾਸਤੇ ਅਛੇ ਸਾਧਨ ਜਪ ਤਪ ਆਦਿਕ ਛਾਰ ਵਿਚ ਮਿਲ ਗਏ ਦੋ ਦੁਖਾਂ ਦੇ ਦੂਰ ਕਰਨ ਵਾਸਤੇ

ਸਾਰੇ ਸੰਸਾਰ ਕੇ ਜੀਵ ਭਜੇ ਫਿਰਦੇ ਹਨ ॥ ੩੯ ॥

**ਸ੍ਵੈਯਾ ॥ ਰੇ ਮਨ ਜੋ ਫਲ ਤੋਹਿ ਰਚਯੋ ਬਿਧਿ ਪਾਵਹਿ ਗੋ ਤਜ ਸੰਕ ਪਿਸਾਚੀ। ਨਹਿ ਲਹੇ ਤਿਹਿ ਕੋ ਨਰ ਔਰ ਸੁ ਦੌਰਨ ਮੈਂ ਮਤਿ ਕਾ ਹਿਤ ਰਾਚੀ। ਯੌ ਜੁਗੁ ਤੇ ਜੁਗੁ ਔਰਹਿ ਹੋਹਿ ਸੁ ਤੇ ਫਲ ਤੋਹਿ ਮਿਲੇ ਬਿਧਿ ਸਾਚੀ। ਹੋਇ ਪ੍ਰਸੰਨ ਸੁ ਰਾਮ ਭਜੋ ਇਤ ਤੇ ਉਤ ਦੌਰਨ ਮੈਂ ਮਤਿ ਕਾਚੀ ॥ ੪੦ ॥**

ਟੀਕਾ—ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਹੇ ਮਨ ਜੋ ਫਲ ਦੁਖ ਸੁਖ ਰੂਪ ਬਣਾਇਆ ਹੈ ਬ੍ਰਹਮਾ ਨੇ ਸੋ ਤੂੰ ਪਾਵੇਂਗਾ ਜ਼ਰੂਰ ਹੀ ਛਡਕੇ ਸ਼ੰਕਾ ਰੂਪੀ ਰਾਕਸ਼ਨੀ ਨੂੰ ਸਮਝ ਤੂੰ ਕਿ ਓਸ ਦੁਖ ਸੁਖ ਕੋ ਕੋਈ ਹੋਰ ਪੁਰਸ਼ ਨਹੀਂ ਲੈ ਸਕਦਾ ਅਤੇ ਟੁਕੜੇ ਵਾਸਤੇ ਦੌੜਨੇ ਵਿਚ ਵੀ ਕਿਸ ਵਾਸਤੇ ਬੁਧਿ ਬਨਾਈ ਹੈ ਖੋਟੀ ਭਾਵੇਂ ਹੋਰ ਦਾ ਹੋਰ ਜੁਗ ਆ ਜਾਵੇ ਤਾਂ ਵੀ ਸੋਈ ਫਲ ਤੈਨੂੰ ਮਿਲੇਗਾ ਏ ਬਾਤ ਸੱਚੀ ਹੈ ਬ੍ਰਹਮਾ ਨੇ ਕਹੀ ਹੈ ਹੋ ਕਰਕੇ ਪ੍ਰਸੰਨ ਬਦਨ ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ਕਹਿਆ ਕਰ ਇਧਰ ਉਧਰ ਦੌੜਨ ਦੇ ਵਿਚ ਅਕਲ ਕਚੀ ਕਹੀ ਜਾਂਦੀ ਹੈ ॥ ੪੦ ॥

**ਸ੍ਵੈਯਾ ॥ ਜਿਹ ਲੋਗਨ ਕੇ ਹਿਤ ਪਾਪ ਕਰੇ ਮਨ ਤੇ ਨਹਿ ਤੇ ਕੁਛ ਕਾਜ ਸਵਾਰੇ ॥ ਜਬ ਲੌ ਤਵ ਤੇ ਸੁਖ ਹੇਰਤ ਹੈਂ ਤਬ ਹੀ ਮੁਖ ਮਾਹਿ ਪੁਕਾਰਤ ਥਾਰੇ। ਤਰੁ ਮੈਂ ਫਲ ਹੇਰ ਬਿਹੰਗਮ ਕੇ ਗਨ ਆਵਤ ਹੈਂ ਛਡ ਚੌਂਚ ਪਸਾਰੇ। ਨਰ ਆਪਦ ਔ ਤਰੁ ਦਾਹਿ ਲਗੇ ਨਰ ਔਰ ਬਿਹੰਗਮ ਦੂਰ ਪਧਾਰੇ ॥ ੪੧ ॥**

ਟੀਕਾ—ਹੇ ਜੀਵ ਖੋਟੀ ਮਤਿ ਵਾਲੇ ਜਿਨਾਂ ਵਾਸਤੇ ਤੂੰ ਪਾਪ ਕਰਨਾ ਹੈਂ ਸੋ ਲੋਗ ਹੇ ਮਨ ਤੇਰਾ ਕੁਛ ਕੰਮ ਨਹੀਂ ਸਵਾਰਨਗੇ ਜਿਨਾ ਚਿਰ ਤੇਰੇ ਪਾਸ ਸੁਖ ਦੇਖਨਗੇ ਓਨਾਂ ਚਿਰ ਤੇਰੇ ਪਾਸ ਰਹਿਨਗੇ ਅਤੇ ਕਹਿਣਗੇ ਹੇ ਭਾਈ ਜੀ ਹੇ ਦੋਸਤ ਜੀ ਅਸੀਂ ਤੇਰੇ ਹਾਂ ਤੇਰੇ ਤੋਂ ਬਿਨਾਂ ਸਾਡਾ ਕੋਈ ਵੀ ਨਹੀਂਗਾ ਜੈਸੇ ਬ੍ਰਿਛ ਦੇ ਨਾਲ ਜਿੰਨਾਂ ਚਿਰ ਪੰਛੀ ਫਲ ਦੇਖਦਾ ਹੈ ਅਤੇ ਆਸਰਾ ਵੀ ਦੇਖਦਾ ਹੈ ਕਿ ਮੇਰੇ ਬੈਠਨ ਕੋ ਜਗਾ ਬਣੀ ਹੋਈ ਹੈ ਓਨਾਂ ਚਿਰ ਤਾਂ ਬੈਠੇ ਰਹਿਣਗੇ ਅਤੇ ਚੁੰਝ ਨੂੰ ਲੰਮੀ ਕਰ ਕਰ ਮੁਖ ਖੋਲ ਖੋਲ ਫਲ ਖਾਂਦੇ ਹਨ ਜਦ ਕਿਤੇ ਕੋਈ ਬਿਪਤਾ ਬ੍ਰਿਛ ਨੂੰ ਪਵੇ ਕਿ ਅਗ ਲਗ ਪਵੇ ਯਾਂ ਕੋਈ ਵਢਣ ਆ ਜਾਵੇ ਤਾਂ ਸਾਰੇ ਹੀ ਉਡ ਜਾਂਦੇ ਹਨ ਇਸ ਤਰਾਂ ਸਾਰੇ ਜੀਵਾਂ ਕੀ ਅਵਸਥਾ ਜਾਂਣ ਲਵੋ ਜਿੰਨਾਂ ਚਿਰ ਸੁਖ ਦੇਖਣਗੇ ਓਨਾਂ ਚਿਰ ਜੀ ਜੀ ਕਹਿੰਦੇ ਹਨ ਜਬ ਕੋਈ ਬਿਪਤਾ ਆ ਪਵੇ ਤਾਂ ਸਭ ਦੌੜ ਜਾਂਦੇ ਹਨ ॥ ੪੧ ॥

Sri Satguru Jagjit Singh Ji Elibrary NamdhariElibrary@gmail.com

**ਸ੍ਵੈਯਾ॥ ਮਨ ਕਜੋਂ ਧਨ ਕੋ ਬਹੁ ਭਾਂਤ ਚਹੈਂ ਅਰ ਕਾਹਿਤ ਲੋਗਨ ਕੋ ਸੁ ਦੁਖਾਵੈਂ। ਜਗ ਬੀਚ ਭਯੰਕਰ ਪਾਪ ਸੁਨੋ ਮਨ ਕਾ ਹਿਤ ਤੂੰ ਬਹੁ ਬਾਂਤਿ ਕਮਾਵੈਂ। ਹਰਿ ਪੁੰਨ ਕਥਾ ਤਟ ਤੀਰਥ ਮੇਂ ਹਰਿ ਨਾਮ ਉਚਾਰਨ ਮੈਂ ਦੁਖੁ ਪਾਵੈਂ। ਅਬ ਨਾ ਸਮਝੈ ਸਮਝੈਗੇ ਤਬੀ ਜਮ ਕਿੰਕਰ ਜੌ ਸਿਰ ਦੰਡ ਲਗਾਵੈਂ ॥ ੪੨ ॥**

ਟੀਕਾ– ਹੇ ਮੇਰੇ ਸਜਣ ਪਿਆਰੇ ਕਿਸ ਵਾਸਤੇ ਦੌਲਤ ਕੋ ਬਹੁਤ ਤਰ੍ਹਾਂ ਕਰਕੇ ਕੱਠੀ ਕਰਨਾ ਹੈਂ ਤੇਰੇ ਸੰਗ ਨਹੀਂ ਜਾਵੇਗੀ ਕਾਰੂ ਪਾਤਿਸ਼ਾਹ ਵਾਂਗੂ ਜੋ ਮੁਰਦਿਆਂ ਦੇ ਮੁਖੋਂ ਰੁਪਯੇ ਕਢਾਂਵਦਾ ਸੀ ਅਤੇ ਲੜਕੀਆਂ ਸੋਹਣੀਆਂ ਸੋਹਣੀਆਂ ਦੇਖ ਕਰ ਲੋਕ ਲਾਜ ਉਸ ਨੇ ਦੌਲਤ ਕਾਰਨ ਤਜ ਦਿਤੀ ਸੀ ਅਤੇ ਕਿਸ ਵਾਸਤੇ ਲੋਕਾਂ ਨੂੰ ਦੁਖ ਦੇਂਦਾ ਹੈਂ ਫਿਰ ਇਸ ਸੰਸਾਰ ਦੇ ਵਿਚ ਕਿਸ ਵਾਸਤੇ ਤੂੰ ਪਾਪ ਤੇ ਦੁਖੀ ਲੋਕਾਂ ਨੂੰ ਕਰਦਾ ਹੈਂ ਬਹੁਤ ਤਰਾਂ ਕਰਕੇ ਓਸ ਅਕਾਲ ਪੁਰਖ ਕੀ ਅਛੀ ਕਥਾ ਅਤੇ ਪੁੰਨ ਦਾਨ ਤੀਰਥਾਂ ਕੇ ਕੰਡੇ ਪਰ ਬੈਠ ਕੇ, ਈਸ਼ਵਰ ਕਾ ਨਾਮ ਉਚਾਰਣ ਵਿਚ ਕਿਉਂ ਦੁਖ ਪਾਉਂਦਾ ਹੈਂ ਭਾਵ ਕਿਉਂ ਡਰਦਾ ਹੈਂ ਨਾਮ ਉਚਾਰਣ ਦੇ ਵਿਚ ਓਸ ਦਾ ਭਜਨ ਕਰ, ਅਛਾ ਹੁਣ ਤੇ ਤੂੰ ਮੇਰੇ ਕਹਿਣੇ ਕਰ ਨਹੀਂ ਸਮਝਦਾ ਤੇ ਜਬ ਜਮਾਂ ਦੀ ਮਾਰ ਪਈ ਤਬ ਸਮਝੇਂਗਾ; ਜਮਕੰਕਰ, ਜਮਕਾ ਦੂਤ ਵ ਜਮ ਜੋ ਤੁਛ ਹੈ ਸੋ ਤੇਰੇ ਸਿਰ ਤੇ ਡੰਨ ਲਗਾਵੇਗਾ ॥ ੪੨ ॥

**ਸ੍ਵੈਯਾ॥ ਤਨ ਧਾਰ ਕਿ ਨਾ ਉਪਕਾਰ ਕਰੇਂ ਕਰ ਰਾਗ ਪਚਾਂਗਨ ਰੂਪ ਨਿਹਾਰੇ। ਜਗ ਜਾਚਕ ਦੀਨਨ ਕੇ ਗਨ ਜੇਕਰ ਕੋਪ ਸਭੈ ਨਿਜ ਦਵਾਰ ਤੇ ਟਾਰੇ। ਬਲ ਹੀਨਨ ਕੇ ਸੁਭ ਕਾਜ ਜਿਤੇ ਨਿਜ ਕਾਜਨ ਹੇਤ ਸਭੇ ਸੁ ਬਿਗਾਰੇ। ਜਗ ਮੈ ਸੁਭ ਕਾਜ ਬਿਸਾਰਤ ਹੌਂ ਬਿਧ ਕੌਨ ਸੁਧਾ ਸੁਖ ਪਾਉਂ ਮੁਰਾਰੇ॥ ੪੩॥**

ਟੀਕਾ–ਹੇ ਜੀਵ ਤੂੰ ਬੜਾ ਖੋਟਾ ਹੈਂ ਤੈਨੂੰ ਕੁਛ ਸਮਝ ਨਹੀਂ ਹੈ ਕਿਸ ਵਾਸਤੇ ਕਿ ਤੂੰ ਇਸ ਸੰਸਾਰ ਵਿਚ ਸਰੀਰ ਧਾਰ ਕਰ ਨਾ ਤੇ ਕੋਈ ਉਪਕਾਰ ਕੀਤੇ ਕਿ ਕਿਸੇ ਬਦਲੇ ਆਪਨੇ ਉਤੇ ਦੁਖ ਸਹਾਰ ਕੇ ਆਪਣਾ ਆਪ ਗਵਾ ਲਿਆ ਏਹ ਵੀ ਨਾ ਕੀਤਾ ਅਤੇ ਕੀ ਕਰਦਾ ਰਹਿਓਂ ਕਿ ਪਰੇਮ ਕਰਕੇ ਹੋਰਨਾਂ ਲੋਕਾਂ ਦੀਆਂ ਇਸਤ੍ਰੀਆਂ ਨੂੰ ਛਪ ਛਪ ਦੇਖਦਾ ਰਹਿਓਂ, ਇਸ ਸੰਸਾਰ ਵਿਚ ਮੰਗਤੇ ਅਤੇ ਗਰੀਬਾਂ ਕੇ ਜੋ ਸੰਬੂਹ ਹਨ ਸੋ ਕਰੋਧ ਕਰਕੇ ਸਾਰੇ ਹੀ ਆਪਣੇ ਦਵਾਰੇ ਉਤੋਂ ਝਿੜਕ ਝਿੜਕ ਕੇ ਹਟਾ ਦਿਤੇ ਫਿਰ ਜਿਨਾਂ ਵਿਚ ਜੋਰ ਨਹੀਂ ਸੀ ਹੈਗਾ ਜੋ ਉਹਨਾਂ ਦੇ ਅਛੇ ਕੰਮ ਹੈਗੇ ਸਨ ਉਨਾਂ ਦੇ ਕੰਮ ਆਪਣੇਂ ਕੰਮਾਂ ਦੇ ਬਦਲੇ ਵਿਗਾੜ ਦਿਤੇ ਐਸਾ ਖੋਟਾ ਕਾਰਜ

ਕੀਤਾ ਅਤੇ ਫਿਰ ਜੋ ਅਛੇ ਕੰਮ ਸੀ ਜਗਤ ਵਿਚ ਸੋ ਛਡ ਦਿਤੇ ਹੇ ਅਕਾਲ ਪੁਰਖ (ਸੁਧ ਸੁਖ) ਅੰਮ੍ਰਿਤ ਕੇ ਸਮਾਨ ਸੁਖ ਵ ਆਤਮ ਵਸਤੂ ਕਾ ਸੁਖ ਮਿਲੇਗਾ ॥ ੪੩ ॥

**ਸ੍ਵੈਯਾ ॥ ਜਗ ਨਾਹਿ ਕਰੀ ਗੁਰ ਸੇਵ ਭਲੀ ਅਰ ਨਾ ਹਰਿ ਕੇ ਮੁਖ ਨਾਮ ਉਚਾਰੇ ॥ ਬਲ ਹੀਨਨ ਕੋ ਕਟੁ ਬੈਨ ਕਹੇ ਮੁਖ ਮਾਹਿ ਅਚੇ ਭਾਵ ਮੈ ਮਦ ਖਾਰੇ ॥ ਉਰ ਕੋਪ ਹੁਤਾਸਨ ਦਾਹਿ ਲਗੇ ਜਗ ਲੋਕਨ ਕੇ ਘਰ ਪਾਵਕ ਜਾਰੇ॥ਜਗ ਮੈਂ ਸੁਭ ਕਾਜ ਬਿਸਾਰਤ ਹੋ ਬਿਧਿ ਕੌਨ ਸੁਧਾ ਸੁਖ ਪਾਉ ਮੁਰਾਰੇ ॥ ੪੪ ॥**

ਟੀਕਾ—ਹੇ ਜੀਵ ਮੂਰਖ ਇਸ ਸੰਸਾਰ ਉਤੇ ਆਨ ਕਰਕੇ ਕਦੀ ਵੀ ਤੂੰ ਆਪਣੇ ਇਸ਼ਟ ਗੁਰੂ ਕੀ ਟਹਿਲ ਨਾ ਕਰੀ ਅਛੀ ਤਰ੍ਹਾਂ ਅਤੇ ਨਾ ਹੀ ਉਸ ਅਕਾਲ ਪੁਰਖ ਦੇ ਮੁਖੋਂ ਨਾਮ ਉਚਾਰਨ ਕੀਤੇ ॥ ਸ਼ੰਕਾ ॥ "ਕਿਤਨੇ ਕੁ ਨਾਮ ਹਨ ਉਸ ਵੀਸ਼ਵਰ ਕੇ ?" (ਉਤਰ) ਬਹੁਤ ਸਾਰੇ ਹਨ ਜਿਸ ਕਾ ਕੋਈ ਵੀ ਅੰਤ ਨਹੀਂ ਪਾ ਸਕਦਾ ਸੋ ਤੁਸੀਂ ਸੁਣੋਂ ॥ ਸਾਖੀ ॥

ਜਦੋਂ ਪਹਿਲੇ ਅਕਾਲ ਪੁਰਖ ਨੇ ਸ੍ਰਿਸ਼ਟੀ ਸਾਜਣੀ ਕਰੀ ਤਾਂ ਸਭ ਦੇਵਤਾਓਂ ਕੋ ਆਖਿਆ ਭਾਈ ਸਜਣੋਂ ਕੋਈ ਇਸ ਧਰਤੀ ਨੂੰ ਚੁਕੇ ਤਾਂ ਸਭ ਦੇਵਤਾ ਏਸ ਬਾਤ ਕੋ ਸੁਣ ਕਰ ਚੁਪ ਕਰ ਗਏ ਤਦ ਉਸ ਸ਼ੇਸ਼ਨਾਗ ਨੇ ਵਿਚਾਰਿਆ ਕਿ ਆਪਣੇ ਪ੍ਰਭੂ ਕਾ ਹੁਕਮ ਭੰਗ ਨਹੀਂ ਕਰਨਾ ਚਾਹੀਦਾ। ਜੇਕਰ ਕੋਈ ਵੀ ਨਹੀਂ ਬੋਲਦਾ ਤਾਂ ਮੈਂ ਹੀ ਇਕ ਹਾਮੀ ਭਰਾਂ। ਤਬ ਸ਼ੇਸ਼ਨਾਗ ਨੇ ਕਹਾ ਜੀ ਮੈਂ ਚੁਕਨਾ ਹਾਂ ਪ੍ਰੰਤੂ ਮੇਰੇ ਨਾਲ ਇਕਰਾਰ ਕਰੋ ਕਿ ਕਿਤਨਾ ਚਿਰ ਮੈਨੂੰ ਚੁਕਾਵੋਗੇ ਤਬ ਈਸ਼ਵਰ ਨੇ ਬਦਨ ਮਯੰਕ ਸੇ ਕਹਾ ਭਾਈ ਜਿੰਨਾ ਚਿਰ ਤੂੰ ਸਾਡੇ ਨਾਮ ਦਾ ਅੰਤ ਨਹੀਂ ਪਾ ਸਕਦਾ, ਫਿਰ ਅਸੀਂ ਕਿਸੇ ਹੋਰ ਨੂੰ ਚੁਕਾਇ ਲਵਾਂਗੇ। ਇਸ ਪ੍ਰਕਾਰ ਹਜ਼ਾਰ ਬਦਨ ਨੇ ਧਰਤੀ ਉਠਾਇ ਲਈ ਕਿ ਮੈਂ ਇਕ ਵਾਰੀ ਵੀ ਜੇ ਵੇਹਲਾ ਹੋ ਜਾਵਾਂਗਾ। ਸੋ ਅਜੇ ਤਕ ਨਿਤ ਹੀ ਨਵੇਂ ਸੂਰਜ ਨਵੀਨ ਨਾਮ ਲੈਂਦਾ ਹੈ ਤਾਂ ਅੰਤ ਨਹੀਂ ਪਾਂਵਦਾ ਹੈ।

ਜਿਹਨਾਂ ਵਿਚ ਬਲ ਨਹੀਂ ਸੀ ਹੈਗਾ ਓਹਨਾਂ ਨੂੰ ਕੌੜੇ ਬਚਨ ਹੇ ਹੰਕਾਰੀ ਜੀਵ ਤੂੰ ਆਖਦਾ ਰਹਿਓਂ ਅਤੇ ਫਿਰ ਸ਼ਰਾਬ ਆਦਿਕ ਕੌੜੀਆਂ ਖੱਟੀਆਂ ਵਸਤੂਆਂ ਸੰਸਾਰ ਵਿਚ ਤੂੰ ਪੀਂਦਾ ਰਹਿਓਂ ਫਿਰ ਪਰਾਇਆ ਪ੍ਰਤਾਪ ਦੇਖ ਕਰ ਆਪਣੇ ਦਿਲ ਨੂੰ ਕਰੋਧ ਰੂਪੀ ਅਗਨੀ ਨਾਲ ਸਾੜਦਾ ਰਹਿਓਂ ਵ ਤੇਰੇ ਰਿਦੇ ਨੂੰ ਚਿੰਤਾ ਰੂਪੀ ਅਗਨੀ ਲਗੀ ਰਹੀ। ਇਸ ਸੰਸਾਰ ਵਿਚ ਲੋਕਾਂ ਦੇ ਘਰਾਂ ਨੂੰ ਸਾੜਦੀ ਹੈ ਅਗ ਅਤੇ ਇਸ ਪਾਪੀ ਦੇ ਰਿਦੇ ਰੂਪੀ ਘਰ ਨੂੰ ਸਾੜਦੀ ਰਹੀ ਵ ਚੋਰੀ ਚੋਰੀ ਲੋਕਾਂ ਦੇ ਘਰਾਂ ਨੂੰ ਅਗ ਲਗਾ ਦੇਂਦਾ ਰਿਹਾ। ਅਜ ਕਲ ਬਾਹਰ ਜਟ ਇਕ ਦੂਸਰੇ

Sri Satguru Jagjit Singh Ji Elibrary NamdhariElibrary@gmail.com

ਜਟ ਦੇ ਮੂਸਲ ਪ੍ਰਤਛ ਹੀ ਸਾੜ ਦੇਂਦੇ ਹਨ ਵ ਲੋਕਾਂ ਨੂੰ ਕੌੜੇ ਬਚਨ ਕਹਿ ਕਹਿਕੇ ਓਹਨਾਂ ਕੇ ਜੀਅ ਨੂੰ ਸਾੜਦਾ ਰਹਿਓਂ, ਇਸ ਪ੍ਰਕਾਰ ਜਗਤ ਵਿਚ ਅਛੇ ਕੰਮ ਛਡਕੇ ਹੇ ਈਸ਼ਵਰ ਕੌਣ ਅੰਮ੍ਰਿਤ ਕੇ ਸਮਾਨ ਸੁਖ ਕੋ ਪਾਵੇਗਾ ਇਸ ਰੀਤੀ ਮਾੜੀ ਸੇ ਸੁਖ ਪਾਵੇਗਾ ਭਾਵ ਕੋਈ ਨਹੀਂ ॥ ੪੪ ॥

**ਸ੍ਵੈਯਾ॥ ਨਹਿ ਪੂਜਨ ਦੇਵਨ ਕੋ ਕਰਿਓ ਅਰੁ ਬਿਪਨ ਕੇ ਨਹਿ ਪਾਦ ਪਖਾਰੇ। ਨਿਜ ਪ੍ਰਾਨਨ ਪਾਲਨ ਹੇਤ ਸਦਾ ਭਵ ਮੰਡਲ ਔਰਨ ਪ੍ਰਾਨ ਨਿਕਾਰੇ। ਉਰਤੇ ਸਭ ਪੁੰਨ ਬਿਸਾਰ ਦਯੋ ਅਰੁ ਤੇ ਪਦ ਪੰਕਜ ਨਾ ਉਰਧਾਰੇ। ਜਗ ਮੈਂ ਸੁਭ ਕਾਜ ਬਿਸਾਰਤ ਹੋਂ ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ ॥ ੪੫ ॥**

ਟੀਕਾ—ਨਾ ਤੇ ਕਿਸੀ ਦੇਵਤਾ ਕਾ ਪੂਜਨਕੀਤਾ ਅਤੇ ਨਾ ਕਿਸੀ ਉੱਤਮ ਕਰਮ ਕਰਨ ਵਾਲੇ ਬ੍ਰਾਹਮਣ ਦੇ ਚਰਨਾਂ ਕੋ ਧੋਤਾ, ਆਪਣੇ ਪ੍ਰਾਣਾ ਦੇ ਪਾਲਨੇ ਵਾਸਤੇ ਜਗਤ ਵਿਚ ਫਿਰਦਾ ਰਹਿਉਂ ਅਤੇ ਹੋਰਨਾਂ ਕੇ ਪ੍ਰਾਣ ਨਿਕਾਲ ਦੇਣੇ ਥੋੜੇ ਜਿਹੇ ਧਨ ਵਾਸਤੇ ਰਿਦੇ ਵਿਚੋਂ ਸਾਰੇ ਪੁੰਨ ਕਰਨੇ ਛਡ ਦਿਤੇ ਅਤੇ ਹਰੀ ਈਸ਼ਵਰ ਕੇ ਚਰਨ ਕਵਲ ਰਿਦੇ ਵਿਚ ਨਾ ਧਾਰਨ ਕੀਤੇ ਜਗਤ ਵਿਚ ਅਛੇ ਕੰਮ ਛਡ ਦਿਤੇ ਫਿਰ ਕੇਹੜੀ ਰੀਤੀ ਨਾਲ ਅੰਮ੍ਰਿਤ ਕੇ ਸਮਾਨ ਸੁਖ ਕੋ ਪਾਵੇਂਗੇ ਹੇ ਈਸ਼ਵਰ ॥ ੪੫ ॥

**ਸ੍ਵੈਯਾ॥ ਢਿਗ ਬੈਠ ਧਨੀ ਨਰ ਕੇ ਹਰਿ ਜੀ ਨਿਜ ਪ੍ਰਾਨਨ ਰੋਕ ਸੁ ਬੈਠ ਉਚਾਰੇ। ਨਹਿ ਬੈਠ ਤਪੋਬਨ ਮੈਂ ਹਰਿ ਜੀ ਫਲ ਖਾਇ ਸਦਾ ਤਵ ਨਾਮ ਸੰਭਾਰੇ। ਧਨ ਪਾਵਨ ਕੋ ਨਿਸ ਨੀਂਦ ਤਜੀ ਹਰਿ ਪਾਵਨ ਕੌਨਹਿ ਨੈਨ ਉਘਾਰੇ। ਜਗ ਮੈ ਸੁਭ ਕਾਜ ਬਿਸਾਰਤ ਹੌਂ ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ॥ ੪੬ ॥**

ਟੀਕਾ—ਪਾਸ ਬੈਠਕੇ ਧਨੀ ਆਦਮੀ ਕੇ ਹੇ ਅਕਾਲ ਪਰਖ ਬੜੇ ਹੌਲੀ ਹੌਲੀ ਬਚਨ ਕਹੇ ਭਾਵ ਮੇਰੇ ਬਚਨ ਉਚੀ ਉਚੀ ਸੁਣ ਕਰ ਦੁਖੀ ਨਾ ਹੋਵਨ ਧਨੀ ਜੀ ਅਤੇ ਜੰਗਲ ਵਿਚ ਬੈਠਕੇ ਹੇ ਅਕਾਲ ਪੁਰਖ ਫਲ ਛਕਕੇ ਤੇਰੇ ਨਾਮ ਨਾਂ ਉਚਾਰੇ ਫਿਰ ਦੌਲਤ ਕੇ ਵਾਸਤੇ ਰਾਤ੍ਰੀ ਕੋ ਸੈਨ ਨ ਕਰਨੀ ਇਧਰ ਕੇ ਉਧਰ ਦੌੜੇ ਫਿਰਨਾ ਅਰ ਲੋਕਾਂ ਦੀ ਸੇਵਾ ਵਿਚ ਵੀ ਚੋਰਾਂ ਵਾਂਗੂ ਅਤੇ ਅਕਾਲ ਪੁਰਖ ਕਾ ਨਾਮ ਉਚਾਰਨ ਵਾਸਤੇ ਨੈਣ ਨ ਖੋਲਣੇ ਕੀਤੇ; ਜਗਤ ਵਿਚ ਅਛੇ ਕੰਮ ਵਿਸਾਰ ਕੇ ਕੇਹੜੀ ਰੀਤੀ ਹੈ ਹੇ ਈਸ਼ਵਰ ਅੰਮ੍ਰਿਤ ਕੇ ਬਰਾਬਰ ਸੁਖ ਪਾਵਣ ਕੀ ॥ ੪੬ ॥

Sri Satguru Jagjit Singh Ji Elibrary NamdhariElibrary@gmail.com

**ਸ੍ਵੈਯਾ॥ ਉਰ ਲੋਭ ਲਗੇ ਨਿਜ ਧਾਮ ਤਜੇ ਦਿਸ ਪੱਛਮ ਕੇ ਮਗ ਮਾਂਹਿ ਪਧਾਰੇ। ਜਗ ਪੁੰਨ ਹੁਲਾਸ ਸੁ ਪਾਇ ਉਠੇ ਨਹਿ ਦਿੱਬ ਧੁਨੀ ਪਥਿ ਮਾਂਹਿ ਪਧਾਰੇ। ਧਨ ਦੇਵਨ ਕੋ ਮੁਖ ਮੂੰਚ ਲਏ ਅਰੁ ਲੇਵਨ ਕੋ ਸਭ ਦਾਂਤ ਨਿਕਾਰੇ। ਜਗ ਮੈਂ ਸੁਭ ਕਾਜ ਬਿਸਾਰਤ ਹੌਂ ਬਿਧਿ ਕੌਨ ਸੁਧਾ ਸੁਖ ਪਾਉਂ ਮੁਰਾਰੇ॥ ੪੭॥**

ਟੀਕਾ—ਜਿਸ ਵਕਤ ਰਿਦੇ ਵਿਚ ਲੋਭ ਹੋਇਆ ਤਾਂ ਆਪਣਾ ਘਰ ਛਡ ਦਿਤਾ ਅਤੇ ਪੱਛਮ ਕੀ ਦਿਸ਼ਾ ਕੇ ਰਸਤੇ ਤੁਰ ਪਿਆ; ਜਗਤ ਵਿਚ ਪੁੰਨਾ ਕੀ ਖੁਸ਼ੀ ਕਰਕੇ ਗੰਗਾ ਕੇ ਰਸਤੇ ਵਲ ਨਾ ਪੈਰ ਉਠਾਇ ਗੰਗਾ ਜੋ ਦਿਬ ਧੁਨੀ ਹੈ ਭਾਵ ਉਸ ਤਰਫ ਨਾ ਗਿਆ, ਜਿਥੇ ਕਿਤੇ ਕੋਈ ਜਗ੍ਹਾ ਪਦਾਰਥ ਦੇਵਣ ਕੀ ਸੀ ਸੰਤ ਸਾਧ ਕਥਾ ਬਾਰਤਾ ਗੁਰੂ ਤੀਰਥ ਆਦਿਕ ਉਸ ਤਰਫ ਧਨ ਦੇਵਨ ਵਾਸਤੇ ਜੋ ਕਿਸੇ ਨੇ ਕੁਛ ਕਹਾ ਤਾਂ ਗਸ਼ ਪੈ ਗਈ ਚੁਪ ਕਰ ਗਿਆ ਜਬ ਕਿਸੇ ਨੇ ਕਹਾ ਕਿ ਤੇਰੇ ਨਾਮ ਕੀ ਹੁੰਡੀ ਯਾ ਦੌਲਤ ਤੇਰੇ ਵਡਿਆਂ ਦੀ ਨਿਕਲੀ ਹੈ ਘਰ ਵਿਚੋਂ ਤਾਂ ਬੜਾ ਅਨੰਦ ਪੂਰਬਕ ਹੋਇਆ ਹੱਸ ਕੇ ਲੈਣ ਵਾਸਤੇ ਦੌੜਿਆ ਹੇ ਮੂਰਖ ਜਗਤ ਵਿਚ ਚੰਗੇ ਕੰਮ ਛਡ ਕਰਕੇ ਜੇਹੜੀ ਰੀਤੀ ਨਾਲ ਤੂੰ ਅੰਮ੍ਰਿਤ ਕੇ ਸਮਾਨ ਸੁਖ ਨੂੰ ਪਾਵੇਂਗਾ ਕੋਈ ਐਸਾ ਉਪਕਾਰ ਨਹੀਂ ਹੈ॥ ੪੭॥

**ਦੋਹਰਾ॥ ਮਧਮ ਉਤਮ ਫਲ ਜਿਤੇ ਪਾਵੇਂ ਜਗਤ ਮਝਾਰ। ਕਰਮ ਬਿਰਖ ਪਾਲੇ ਲਹੇ ਬਿਨਾ ਕਰਮ ਨਹਿ ਧਾਰ॥ ੪੮॥**

ਟੀਕਾ—ਉੱਤਮ ਤੇ ਮਧਮ ਏ ਤੀਨ ਤਰਾਂ ਕੇ ਫਲ ਹਨ ਸੋ ਜੀਵ ਜਗਤ ਵਿਚ ਪਾਂਵਦੇ ਹਨ ਪਰੰਤੂ ਕਰਮਾਂ ਰੂਪੀ ਜੋ ਬ੍ਰਿਛ ਨੂੰ ਪਾਲੇਗਾ ਸੋ ਤੈਸਾ ਹੀ ਫਲ ਪਾਵੇਗਾ ਅਤੇ ਬਿਨਾਂ ਕਰਮਾਂ ਤੋਂ ਹੋਰ ਕੁਛ ਨਹੀਂ ਮਿਲੇਗਾ। ਏਹ ਮੈਂ ਨਿਰਨੇ ਕਰ ਲਿਆ ਹੈ ਉੱਤਮ ਫਲ ਜੋ ਅਕਾਲ ਪੁਰਖ ਨੂੰ ਯਾਦ ਕਰਨਾ ਤੇ ਫਿਰ ਵੀ ਅਛਾ ਸੁਖ ਪਾਵਨਾ ਵ ਰਾਜ ਆਦਿਕ ਕਾ ਪ੍ਰਾਪਤ ਹੋਣਾ ਅਤੇ ਮਧਮ ਫਲ ਜੋ ਕੁਛ ਈਸ਼ਵਰ ਕੋ ਯਾਦ ਕਰਨਾ ਕੁਛ ਹੋਰ ਬੰਨੇ ਵਲ ਲਗ ਪੈਣਾ ਵ ਮਨੁਖ ਦੇਹ ਹੋਵਣੀ ਅਤੇ ਅਧਮ ਓਹ ਹੈ ਈਸ਼ਵਰ ਤੇ ਬੇ ਮੁਖ ਰਹਿਣਾ ਅਤੇ ਜਗਤ ਵਿਚ ਦੁਖੀ ਰਹਿਣਾ॥ ੪੮॥

**ਸ੍ਵੈਯਾ॥ ਜਿਨ ਬਾਲਕ ਭਾਵ ਸੁ ਖੇਲ ਮਤੇ ਕਹਿ ਬਿਦਯਾ ਲਈ ਜਗ ਮੈਂ ਰਸ ਭੀਨੀ। ਜੋਬਨ ਮੈਂ ਫਸ ਭੋਗ ਕਰੇ ਨ ਦਲੀ ਅਰਿ ਕੀ ਧੁਜਨੀ ਰਣ ਪੀਨੀ। ਨਹਿ ਆਤਮ ਰਾਮਹਿ ਗਯਾਨ ਲਿਖੋ**

**ਤਟ ਤੀਰਥ ਨਾ ਤਪਸਾ ਬਹੁ ਕੀਨੀ। ਫਲ ਪੁੰਜ ਅਧਾਰ ਸੁ ਮਾਨਵ ਦੇਹ ਭਈ ਤਿਨਕੀ ਸੁ ਪੁੰਜ ਬਿਹੀਨੀ ॥ ੪੯ ॥**

ਟੀਕਾ–ਅਬ ਭਾਈ ਗੁਲਾਬ ਸਿੰਘ ਜੀ ਹੋਰ ਪਰਸੰਗ ਵਰਨਣ ਕਰਦੇ ਹਨ ਕਿ ਜਿਨਾਂ ਨੇ ਛੋਟੀ ਉਮਰ ਵਿਚ ਖੇਡ ਵਿਚ ਮਤਿਆ ਹੋਇਆਂ ਜੋ ਅਨੰਦ ਕੇ ਦੇਵਣ ਵਾਲੀ ਵਿਦਯਾ ਸੀ ਸੋਨ ਲਈ ਜਦ ਮਾਤਾ ਪਿਤਾ ਨੇ ਪੜ੍ਹਨੇ ਪਾਵਨਾ ਤਾਂ ਕਿਧਰੇ ਬਾਲਕਾਂ ਨਾਲ ਖੇਡ ਵਿਚ ਲਗੇ ਰਿਹਾਂ ਕਰਨਾ ਤੇ ਜੋ ਨੌਰਸ ਵਾਲੀ ਨੌਰਸ ਭਰੀ ਕਾਬ੍ਯ ਪਿੰਗਲ ਆਦਿਕ ਭੀ ਵਿਦਯਾ ਸੀ ਸੋ ਨਾ ਪੜੀ ਅਤੇ ਜਦ ਜਵਾਨੀ ਅਵਸਥਾ ਸੀ ਤਦ ਭੋਗ ਆਦਿਕ ਨਾਇਕਾ ਖੋੜਸ ਬੜਸ ਕੀ ਨਾਲ ਨਾ ਕੀਤਾਂ ਪਹਿਲੇ ਤਾਂ ਸਵੈਕੀਆਂ ਮਿਲਦੀ ਤਾਂ ਬਹੁਤ ਅੱਛੀ ਸੀ ਭਲਾ ਨਾ ਸਹੀ ਪਰਕੀਆਂ ਹੀ ਸਹੀ ਜੋ ਪਰਕੀਆਂ ਵੀ ਨਾ ਮਿਲਦੀ ਤਾਂ ਸਮਾਨਯਾਂ ਹੀ ਸਹੀ ਹੇ ਮੂਢ ਅੰਧੇ ਤੇਰੇ ਪਾਸੋਂ ਕੁਛ ਨਾ ਹੋਇਆ ਬਿਅਰਥ ਹੀ ਉਮਰ ਗਵਾ ਲਈ ਅਤੇ ਨਾ ਸ਼ਤਰੂਆਂ ਕੀ ਸੈਨਾ ਕਰੜੀ ਮਾਰਨੀ ਕਰੀ ਜੁਧ ਭੂਮਿਕਾ ਵਿਚ, ਤੂੰ ਓਹ ਕਰੀ ਜੋ ਰਾਜਾ ਜੱਸਵੰਤ ਨੇ ਕੀਤੀ ਤਾਂ ਉਸ ਕੀ ਇਸਤਰੀ ਨੇ ਹੌਸਲਾ ਕੀਤਾ ਸੀ।

ਯਥਾ ਦਾਸ ਕੋ ॥ ਕਬਿਤ ॥

ਜੁਧ ਤੇ ਨਿਰਾਸ ਨਿਸ ਪਤੀਕੋ ਨਿਹਾਰ ਰਾਨੀ, ਹਵੈਗਈ ਸਨੱਧ ਬੱਧ ਬਾਜਨ ਸਸੰਤ ਕੀ।
ਲੀਨੋ ਹੈ ਹਕਾਰ ਸੁਰਬੀਰਨ ਕੋ ਤੁਰਨ ਹੀ, ਆਈ ਰਣ ਮੰਡਲ ਮੈ ਓਟ ਭਗਵੰਤ ਕੀ।
ਏਕ ਹੀ ਛਿਨਕ ਮਾਹਿ ਕੀਨੋ ਰੁੰਡ ਮੁੰਡ ਝੁੰਡ, ਨਾਚੇ ਭੂਤ ਪਰੇਤਗੀਧ ਕਾਲੀ ਕਿਲਕੰਤਕੀ।
ਮਾਧਵ ਮ੍ਰਿਗਿੰਦ ਐਸੀ ਕਰੀ ਬੁਰੀ ਦੌਰੇ ਆਰੀ, ਰਾਜਾ ਤੇ ਸਰਸਲਰੀ ਰਾਨੀ ਦਸਵੰਤਕੀ।

ਹੇ ਮਨ ਨਾ ਤੂੰ ਆਤਮ ਰਾਮ ਕਾ ਗਯਾਨ ਲੀਤਾ ਭਾਵ ਨਾ ਤੂੰ ਈਸ਼ਵਰ ਕੋ ਯਾਦ ਕੀਤਾ, ਅਤੇ ਨਾ ਤੀਰਥ ਕੇ ਕਿਨਾਰੇ ਪਰ ਜਾ ਕਰਕੇ ਤਪੱਸਯਾ ਬਹੁਤੀ ਪਾਈ ਸੀ ਸੋ ਹੇ ਮੂਰਖ ਜੀਵ ਤੈਂ ਬਿਅਰਥ ਗਵਾ ਲਈ। ਪੁੰਜ ਪੁੰਨਾ ਤੇ ਬਿਨਾ ਹੋ ਗਈ ॥ ੪੯ ॥

**ਸ੍ਵੈਯਾ ॥ ਜੋਬਨ ਊਪਰ ਜਾਰਠਤਾ ਅਰ ਜੀਵਨ ਕੋ ਰਿਪ ਕਾਲ ਬਨਾਏ। ਸੂਖਨ ਊਪਰ ਦੂਖ ਰਚੇ ਕਰ ਸੰਪਦ ਆਪਦ ਫੇਰ ਦਿਖਾਏ ॥ ਮੂਢਨ ਕੋ ਧਨ ਧਾਮ ਦਯੋ ਪੁਨ ਕੋਵਿਦ ਕੋ ਗ੍ਰਿਹ ਭੀਖ ਮੰਗਾਏ ॥ ਯਾਂ ਬਿਧਿ ਮੈਂ ਬਿਧਿ ਭੂਲ ਸਮੇਂ ਹਰਿ ਨਾਂਹਿ ਕਰੀ ਕਛੂ ਆਏ ਸਹਾਏ ॥ ੫੦ ॥**

ਟੀਕਾ–ਦੇਖੋ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜਬ ਜੋਬਨ ਅਵਸਥਾ ਬਣਾਈ ਤਾਂ ਨਾਲ ਬ੍ਰਿਧ ਅਵਸਥਾ ਕਾ ਡਰ ਰਖਿਆ ਤੇ ਫਿਰ ਜੋ ਜੀਵਾਂ ਕੋ ਸ਼ੱਤਰੂ

ਮੌਤ ਬਣਾਏ ਦਿਤੀ ਸੁਖ ਦਾ ਵੈਰੀ ਦੁਖ ਕਰ ਦਿਤਾ ਅਤੇ ਜਿਥੇ ਸੰਪਤ, ਰਾਜ ਭਾਗ ਦੌਲਤ ਜੀ ਓਸ ਜਗਾ ਨਾਲ ਬਿਤਤਾ ਕਾ ਡਰ ਰਖਿਆ। ਫਿਰ ਦੇਖੋ ਮੂਰਖਾਂ ਨੂੰ ਘਰ ਅਤੇ ਦੌਲਤ ਦਿਤੀ ਤੇ ਪੰਡਤਾਂ ਕੋ ਘਰ ਘਰ ਕੀ ਭਿਛਯਾ ਮੰਗਾਗੀ ਇਸੀ ਰੀਤੀ ਦੇ ਵਿਚ ਬ੍ਰਹਮਾਂ ਦੇ ਭੁਲਣ ਦੇ ਸਮੇਂ ਵਿਚ ਆਪ ਅਕਾਲ ਪੁਰਖ ਨੇ ਵੀ ਕੁਛ ਮਦਦ ਨਾ ਕੀਤੀ ਆ ਕਰਕੇ ਐਸੀ ਬ੍ਰਹਮਾ ਕੀ ਭੁਲ ਤੁਸਾਨੂੰ ਕੀ ਦਸੀਏ।

॥ ਯਥਾ ਭਾਈ ਟਹਿਲ ਸਿੰਘ ਕਵਿਰਾਜ ਅਤੇ ਬ੍ਰਿੰਦ ਕਵੀ ਜੀ ॥
ਦੋਹਰਾ—ਕਹਾਂ ਕਹੋ ਬਿਧਿ ਕੀ ਅਬਿਧਿ ਭੂਲੋ ਪਰਮ ਪ੍ਰਬੀਨ ॥
ਮੂਰਖ ਕੋ ਸੰਪਤਿ ਦਈ ਪੰਡਤ ਸੰਪਤ ਹੀਨ ॥

ਕਾਰੇ ਕਰੇ ਕੋਕਲ ਭ੍ਰਮਰ ਕੁਲ ਕਾਚੇ, ਬਗ ਕੋ ਸਰੂਪ ਸਵੇਤ ਸੁੰਦਰ ਬਨਾਯੋ ਹੈ ॥
ਖਾਰੋ ਕਰੇ ਸਾਗਰ ਕਲੰਕੀਕੀਨੋ ਕਲਾਨਿਧ, ਫਨਿਮਨਿ ਦੀਨੀ ਧਨ ਸੂਮ ਹੈ ਧਰਾਯੋ ਹੈ ॥
ਸਠ ਕੋ ਚਤਰ ਨਾਰ ਚੰਦਨ ਪਹਾਰ ਪੈ, ਅਗਾਰ ਕਰ ਚੰਦਨ ਕੋ ਭਿਲਨ ਬਸਾਯੋ ਹੈ ॥
ਬਿੱਧ ਨ ਬਿਚਾਰੀ ਬਾਤ ਬਿਧਕੀ ਟਹਿਲ ਸਿੰਘ,ਕਹਾਂ ਕਹਾਂ ਬੁਧਿਬਿਧਿ ਕੀਨ ਭ੍ਰਮ ਖਾਯੋ ਹੈ ॥

॥ ਪੁਨ: ॥
ਚਕਵੈ ਵਿਯੋਗੀ ਨਿਸਬਾਇਸ ਸੰਜੋਗੀ ਕੀਨ, ਧਨੀ ਕਰੇ ਭੋਗੀ ਭਕਿ ਦਾਰਵ ਰਖਾਯੋ ਹੈ ॥
ਰਾਜਾ ਕਰੇ ਮੂਢ ਆਗੇ ਚਾਕਰ ਚਤਤ ਕਰੇ, ਸਠ ਕਰੀ ਗਾਂਠਮ ਦੁਮਾਖੀ ਭਖਲਾਯੋ ਹੈ ॥
ਕੰਟਕ ਗੁਲਾਬ ਫੂਲ ਮਾਲਤੀ ਲੌਫਲਹੀਨ ਮੇਵਾ ਕੀਨ ਕਾਬਲ ਕਰੀਰ ਬ੍ਰਿਛਛਾਯੋ ਹੈ ॥
ਬਿਧਨ ਬਿਚਾਰੀ ਬਾਤ ਬਿਧ ਕੀ ਟਹਿਲ ਸਿੰਘ, ਕਹਾਂ ਕਹਾਂ ਬੁਧਿਬਿਧ ਕੀਨ ਭ੍ਰਮ ਖਾਯੋ ਹੈ ॥

**ਸ੍ਵੈਯਾ॥ ਤਨ ਕੇ ਬਲ ਨੇ ਅਬ ਪੀਠ ਦਈ ਅਰੁ ਹਾਰ ਪਰੇ ਦ੍ਰਿਗ ਬਾਲ ਸੰਗਾਤੀ॥ ਤਜ ਕੇ ਇਹ ਲੋਕ ਬਿਖੇ ਹਮ ਕੋ ਚਲ ਆਪ ਗਏ ਸੁਰ ਲੋਕ ਸਜਾਤੀ॥ ਜਗ ਮੀਤ ਸਖਾ ਮੁਖ ਫੇਰ ਗਏ ਅਬ ਸੇਵਕ ਹਾਂ ਨ ਪੁਛੇ ਮਮ ਬਾਤੀ॥ ਮਮ ਆਹਿ ਪਲਾਂਗਮ ਹੇ ਤ੍ਰਿਸਨੇ ਇਕ ਤੂੰ ਮਮ ਸੰਗ ਰਹੀ ਦਿਨ ਰਾਤੀ॥ ੫੧ ॥**

ਟੀਕਾ—ਅਬ ਭਾਈ ਗੁਲਾਬ ਸਿੰਘ ਜੀ ਇਸ ਬ੍ਰਿਧ ਅਵਸਥਾ ਕਾ ਵਰਨਣ ਕਰਦੇ ਹਨ ਕਿ ਜੋ ਸਰੀਰ ਦਾ ਜ਼ੋਰ ਸੀ ਉਸ ਨੇ ਵੀ ਪਿੱਛਾ ਦੇ ਦਿਤਾ ਪੁਨਾ ਹਾਰ ਗਏ। ਜੋ ਛੋਟੀ ਉਮਰ ਕੇ ਸਾਥ ਰਹਿਣ ਵਾਲੇ ਸੀ ਨੇਤਰ ਫਿਰ ਛਡ ਕੇ ਸਾਨੂੰ ਇਸ ਸੰਸਾਰ ਵਿਚ ਸਾਡੇ ਸਜਾਤੀ, ਸਰੇਸ਼ਟ ਜ਼ਾਤੀ ਵਾਲੇ ਦੋਸਤ ਆਪ ਚਲੇ ਗਏ ਦੇਵਲੋਕ ਨੂੰ ਭਾਵ ਮਰ ਗਏ ਅਤੇ ਜੋ ਕੁਛ ਬਾਕੀ ਰਹੇ ਇਸ ਲੋਕ ਵਿਚ ਸਜਣ ਓਹ ਮੈਨੂੰ ਦੁਖੀ ਯਾ ਬ੍ਰਿਧ ਯਾ ਬੀਮਾਰ ਵੇਖ ਕੇ ਮੁਖ ਫੇਰ ਗਏ ਭਾਵ ਮੱਥੇ ਵੱਟ ਪਾ ਗਏ ਪਾਸੋਂ ਦੀ ਲੰਘਣ ਲਗੇ ਫਤਹ ਵੀ ਨਹੀਂ ਬੁਲਾਂਵਦੇ ਕਿ

ਕੁਛ ਮੰਗ ਨਾ ਬੈਠੇ। ਦੇਖੋ ਜਿਹਨਾਂ ਬਦਲੇ ਲਹੂ ਡੋਲ੍ਹੀਦਾ ਸੀ ਓਹ ਹੁਣ ਪਾਣੀ ਵੀ ਨਹੀਂ ਡੋਲ੍ਹਦੇ ਮੇਰੇ ਬਦਲੇ। ਮਹਾਰਾਜ ਗੁਰੂ ਤੇਗ ਬਹਾਦਰ ਜੀ ਨੇ ਕਿਹਾ ਹੈ ਕਿ 'ਸੰਗ ਸਾਖਾ ਸਭ ਤਜ ਗਏ' ਫਿਰ ਜੋ ਮੇਰੇ ਟਹਿਲ ਵਾਲੇ ਸੀ ਓਹਨਾਂ ਨੂੰ ਮੈਂ ਆਵਾਜ਼ਾਂ ਮਾਰਨਾ ਹਾਂ ਓਹ ਹਾਂ ਵੀ ਨਹੀਂ ਕਰਦੇ ਕਿ ਕੀ ਆਖਦਾ ਹੈ ਬਾਬਾ ਇਸ ਕੀ ਬਾਤ ਤਾਂ ਸੁਣੀਏਂ ਹੋਰ ਸਭ ਮੇਰੇ ਪਾਸੋਂ ਦੌੜ ਗਏ ਹੇ ਤ੍ਰਿਸ਼ਨਾ ਇਕ ਤੂੰ ਮੇਰੇ ਨਾਲ ਹੀ ਰਾਤ ਦਿਨ ਰਹੀ ਵਾ ਮੈਂ ਤੇਰੀ ਚਰਨੀ ਲਗਨਾਂ ਹਾਂ ਹੇ ਤ੍ਰਿਸ਼ਨੇ ਹੁਣ ਛਡ ਮੈਨੂੰ ॥ ੫੧ ॥

**ਸ੍ਵੈਯਾ॥ ਦ੍ਰਿਗ ਜੋਤ ਘਟੀ ਕਟ ਹੈ ਲਟਕੀ ਪਲਟੀ ਸਭ ਦੇਹ ਨ ਰਾਮ ਸੰਭਾਰੇ। ਕਰ ਮੈ ਲਕੁਟੀ ਨ ਉਠੀ ਕਰ ਤੇ ਧਰ ਮਾਂਹਿ ਲਈ ਸੁ ਮਹਾਂ ਅਬ ਹਾਰੇ। ਜਬ ਬਾਲਕ ਥੇ ਤਬ ਖੇਲ ਮਤੇ ਤਰੁਨਾਪਨ ਮੈ ਸੁਭ ਕਾਜ ਬਿਗਾਰੇ। ਅਬ ਔਰ ਨ ਓਟ ਨਿਹਾਰਤ ਹੌਂ ਸਰਣਾਗਤਿ ਹੌਂ ਜਲ ਭੂਧਰ ਤਾਰੇ॥ ੫੨॥**

ਟੀਕਾ—ਨੇਤਰਾਂ ਕੀ ਜੋਤ ਵੀ ਦੂਰ ਹੋ ਗਈ ਅਤੇ ਜੋ ਲਕ ਸੀ ਸੋ ਵੀ ਢਿਲਕ ਗਿਆਂ ਭਾਵ ਕੁਬਾ ਹੋ ਗਿਆ, ਸਰੀਰ ਕਾ ਰੰਗ ਵੀ ਹੋਰ ਕਾ ਹੋਰ ਹੋ ਗਿਆ, ਮਸਾ ਉਤੇ ਝਿਰੜੀਆਂ ਪੈ ਗਈਆਂ, ਪ੍ਰੰਤੂ ਸ੍ਰੀ ਵਾਹਿਗੁਰੂ ਵਾਹਿਗੁਰੂ ਕੇ ਨਾਮ ਕੋ ਅਜੇ ਵੀ ਨਹੀਂ ਸੰਭਾਲਦਾ ਹੈ ਹਥ ਵਿਚ ਸੋਟੀ ਵੀ ਨਹੀਂ ਉਠਦੀ ਜੇਕਰ ਕੋਈ ਪੁਤਰ ਪੋਤਰਾ ਆਦਿਕ ਹਥ ਵਿਚ ਪਕੜਾਇ ਦੇਵੇ ਸੋਟੀ ਤੋ ਵੀ ਧਰਤੀ ਉਤੇ ਜਾ ਪੈਂਦੀ ਹੈ ਸੋ ਬੜਾ ਹੀ ਬਲ ਅਬ ਹਾਰ ਗਿਆ ਹੈ ਹਥ ਕੰਬਣ ਲਗ ਪਏ ਫਿਰ ਅਫਸੋਸ ਕਰਕੇ ਜੀਵ ਆਪਣੇ ਆਪ ਕੋ ਉਸ ਵਕਤ ਆਖਦਾ ਹੈ ਜਦ ਤੋਂ ਮੈਂ ਬਾਲਕ ਅਵਸਥਾ ਵਿਚ ਛੋਟਾ ਜਿਹਾ ਸੀ ਤਦੋਂ ਖੇਡ ਵਿਚ ਮਸਤ ਹੋਇਆ ਰਹਿੰਦਾ ਸੀ ਤੇ ਜਦੋਂ ਜਵਾਨ ਹੋਇਆ ਤਦੋਂ ਲਗਾ ਵਿਸ਼ਯਾਂ ਵਿਚ ਅਤੇ ਅਛੇ ਕੰਮ ਛਡ ਦਿਤੇ ਅਬ ਮੈਂ ਹੋਰ ਕੋਈ ਆਸਰਾ ਨਹੀਂ ਦੇਖਦਾ ਓਸ ਅਕਾਲ ਪੁਰਖ ਦੀ ਸਰਨ ਜਾਂਦਾ ਹਾਂ ਜਿਸ ਨੇ ਸਮੁੰਦਰ ਉਤੇ ਪੱਥਰ ਤਾਰੇ ਹਨ।

## ॥ ਹਿਰਦਾ ਰਾਮ ਕੋ ॥ ਕਬਿੱਤ॥

ਅਰੇ ਲੰਕ ਪਤਿ ਮੂਢ ਮਤਿ ਬਿਨਾਂ ਰਤੀ ਅਬ, ਸਤੀ ਕੋ ਸੁਭਾਵਸੁ ਤੂ ਕਾਹੇ ਕੋ ਕਰਤ ਹੈ ॥
ਘਰ ਬੈਠੇ ਆਯੋ ਰਾਮ ਸੀਆ ਦੇ ਸਵਾਰ ਕਾਮ,ਬਿਨਾਂ ਆਈਲੈਂ ਬੁਰਾਈ ਕਾਹੇ ਕੋਮਰਤਾਹੈ ॥
ਪਾਪ ਕਰੇ ਭਾਰੇ ਪਾਛੇ ਸਮਝ ਸੰਭਾਰੇ ਪ੍ਰਭੂ, ਤੇ ਤੋ ਸਭ ਤਾਰੇ ਕਹਯੋ ਕਾਨ ਨ ਧਰਤ ਹੈ ॥
ਕੌਤਕ ਦਿਖਾਊਂ ਚਲ ਪਾਥਰਪ ਯੌਨਿਧਮੈ,ਪਾਥਰ ਤਰਤ ਆਜ ਤੂੰ ਕਯੋਂ ਨ ਤਰਤ ਹੈ॥੫੨॥

**ਸਵੈਯਾ॥ ਜਬ ਜੋਬਨ ਥਾ ਜਨ ਪ੍ਰੀਤ ਕਰੇ ਅਬ ਜਾਠਰ ਮਾਂਹਿ**

**ਭਏ ਸਭ ਖਾਰੇ। ਨਹਿ ਹੈ ਅਧਿਕਾਰ ਕਛੂ ਤੁਮਰੋ ਕਰ ਲੈ ਲਕੁਟੀ ਬਹੁ ਮੋਹਿ ਦੁਆਰੇ। ਇਮ ਭਾਖਤ ਹੈ ਕਰੁਨਾਨਿਧਿ ਰਾਮ ਪਰੋਂ ਤੁ ਕਹੇ ਯਹਿ. ਪਾਦ ਪਸਾਰੇ। ਅਬ ਔਰ ਨਾ ਓਟ ਨਿਹਾਰਤ ਹੋਂ ਸਰਣਾਗਤ ਤੋਂ ਜਲ ਭੂਧਰ ਤਾਰੇ॥ ੫੩॥**

ਟੀਕਾ—ਜਦੋਂ ਮੈਂ ਜਵਾਨ ਸੀ ਤਦੋਂ ਸਾਰੇ ਹੀ ਮੇਰੇ ਨਾਲ ਪ੍ਰੀਤ ਕਰਦੇ ਸੀ ਅਬ ਬਿਰਧ ਅਵਸਥਾ ਵਿਚ ਸਾਰੇ ਹੀ ਮੇਰੇ ਸਤਰੂ ਬਣ ਗਏ ਹਨ ਭਾਵ ਕੋਈ ਵੀ ਮੈਨੂੰ ਅਛਾ ਨਹੀਂ ਜਾਣਦਾ ਕਹਿੰਦੇ ਹਨ ਪਰੇ ਹੋ ਕਰ ਬੈਠ ਬਾਬਾ ਫਿਰ ਭਲਾ ਜੇ ਕੋਈ ਘਰ ਦਾ ਲੋਕ ਲਾਜ ਕਰਕੇ ਆਖੇ ਕਿ ਤੂੰ ਸੋਟਾ ਹਥ ਵਿਚ ਲੈ ਕੇ ਸਾਡੇ ਬੂਹੇ ਅਗੇ ਬਹਿ ਰਹੁ ਬਾਬਾ ਤੈਥੋਂ ਕੋਈ ਹੋਰ ਕੰਮ ਤੇ ਨਹੀਂ ਹੋ ਸਕਦਾ ਪਰੰਤੂ ਕੁਤੇ ਹੀ ਹਟਾਇਆ ਕਰ ਬੈਠਾ ਦਰਵਾਜ਼ੇ ਅਗੇ ਲੈ ਸੋਟੀ ਲੈ ਲੈ ਐਸੇ ਮੈਨੂੰ ਕਹਿੰਦੇ ਹਨ ਹੇ ਕਿਰਪਾ ਕੇ ਸਿੰਧੂ ਸਿਖ ਗੁਰਾਂ ਪਾਸ ਆਖਦਾ ਹੈ, ਫਿਰ ਜੇ ਮੈਂ ਲੰਮਾ ਪੈ ਰਹਾਂ ਤਾਂ ਕਹਿੰਦੇ ਹਨ ਪੈਰ ਪਸਾਰ ਪਿਆ ਹੈ ਸੱਥਰ ਪਾਕਰ ਹੁਣ ਕੋਈ ਹੋਰ ਮੈਨੂੰ ਆਸਰਾ ਨਹੀਂ ਤਾਂ ਹੇ ਈਸ਼ਵਰ ਤੇਰੀ ਸ਼ਰਣ ਤੋਂ ਬਿਨਾਂ ਤੂੰ ਹੀ ਮੈਨੂੰ ਪਾਰ ਕਰ ਜੈਸੇ ਪਰਬਤ ਤਾਰੇ ਹਨ ਸਮੁੰਦਰ ਉਤੇ ਉਸ ਤਰਾਂ ਮੈਨੂੰ ਤਾਰ ॥ ੫੩ ॥

**ਸ੍ਵੈਯ॥ ਅਬ ਜਾਠਰ ਮੈ ਤਨ ਖੀਨ ਭਏ ਅਬ ਦੂਰ ਭਏ ਮੁਖ ਦਾਂਤ ਹਮਾਰੇ॥ ਜਨ ਮੋਹ ਕੋ ਭੋਜਨ ਸੋਇ ਧਰੇ ਘਰ ਭੀਤਰ ਜੋ ਕਛ ਪਾਵਕ ਜਾਰੇ। ਮੁਖ ਤੇ ਕਛੁ ਭਾਖਤ ਹੋਂ ਜਬ ਹੀਂ ਤੂ ਕਹੇ ਨਹਿ ਤੇ ਹਿਤ ਪੂਪ ਸਵਾਰੇ। ਅਬ ਔਰ ਨ ਓਟ ਨਿਹਾਰਤ ਹੋਂ ਸਰਨਾਗਤਿ ਹੋਂ ਜਲ ਭੂਧਰ ਤਾਰੇ॥ ੫੪॥**

ਟੀਕਾ ਦੇਖੋ ਜੀਵ ਆਪਣੇ ਆਪ ਵਿਚ ਕੈਸੇ ਅਫਸੋਸ ਕਰ ਰਿਹਾ ਹੈ ਅਬ ਕਿਆ ਹੁਣ ਬਿਰਧ ਅਵਸਥਾ ਵਿਚ ਸਰੀਰ ਵੀ ਲਿੱਸਾ ਹੋ ਗਿਆ ਹੈ ਅਤੇ ਫਿਰ ਮੁਖ ਵਿਚੋਂ ਦੰਦ ਵੀ ਸਾਰੇ ਝੜ ਗਏ ਹਨ ਫਿਰ ਘਰ ਦੇ ਜੇਹੜੇ ਮੇਰੇ ਹਨ ਸੋ ਓਹ ਮੈਨੂੰ ਅੰਨ ਖਾਣ ਨੂੰ ਦੇਂਦੇ ਹਨ ਜੋ ਤਵੇ ਉਤੇ ਸੜ ਗਿਆ ਹੋਵੇ ਅਗੇ ਨਾਲੋਂ ਐਸਾ ਘਰ ਵਿਚ ਮੇਰਾ ਹਾਲ ਹੋਵਣ ਲਗ ਪਿਆ ਹੈ ਜਦੋਂ ਮੈਂ ਕੁਛ ਮੁਖੋਂ ਆਖਦਾ ਹਾਂ ਕਿ ਮੈਨੂੰ ਤੁਸੀਂ ਸੜਿਆ ਬਲਿਆ ਅੰਨ ਦੇਂਦੇ ਹੋ ਤਾਂ ਓਹ ਅਗੋਂ ਆਖਦੇ ਹਨ ਕਿ ਲਗੇ ਹਾਂ ਹੁਣ ਤੇਰੇ ਵਾਸਤੇ ਗਰਮ ਗਰਮ ਪੂੜੇ ਪਕਾਵਨ ਤੂੰ ਵੀ ਮਲਾਈ ਦਾ ਗਿਝਾ ਹੋਇਆ ਹੈਂ ਨਾ ਮਰਦਾ ਹੈਂ ਨਾ ਗਲੋਂ ਲਹਿੰਦਾ ਹੈਂ ਹੇ ਸ੍ਰੀ ਗੁਰੂ ਨਾਨਕ ਬੇਦੀ ਭੂਸ਼ਨ ਜੀ ਹੁਣ ਮੈਂ ਕੋਈ ਆਸਰਾ ਨਹੀਂ ਦੇਖਦਾ ਤੇਰੇ ਬਿਨਾਂ ਤਾਂ ਤੇ ਮੈਂ ਰਾਵਰੀ

Sri Satguru Jagjit Singh Ji Elibrary NamdhariElibrary@gmail.com

ਸਰਨ ਆਇਆ ਹਾਂ ਜਿਸ ਤਰ੍ਹਾਂ ਤੁਸਾਂ ਪੱਥਰਾਂ ਵਤ ਕਠੋਰ ਪਾਪੀਆਂ ਨੂੰ ਇਸ ਜੰਗਲ ਡੁਬਦੇ ਉਤੋਂ ਤਾਰਿਆ ਹੈ ਉਸੀ ਤਰ੍ਹਾਂ ਮੈਨੂੰ ਵੀ ਤਾਰੋ ॥ ੫੪ ॥

**ਸ੍ਵੈਯਾ॥ ਨਹਿੰ ਦਾਨ ਦੀਏ ਦਿਜ ਮੰਡਲ ਕੋ ਅਰੁ ਦਿੱਬ ਧੁਨੀ ਤਨ ਨਾਹਿ ਪਖਾਰੇ। ਨਹਿੰ ਮਾਤ ਸੁ ਤਾਤ ਕੀ ਸੇਵ ਕਰੀ ਨਹਿੰ ਦੇਵਨ ਕੇ ਕੁਲ ਪੂਜ ਸਵਾਰੇ। ਲਰਕਾਪਨ ਮੇ ਤਰੁਣਾਪਨ ਮੇ ਜਠਰਾਪਨ ਮੇ ਨਹਿੰ ਰਾਮ ਚਿਤਾਰੇ। ਅਬ ਔਰ ਨ ਓਟ ਨਿਹਾਰਤ ਹੌਂ ਸਰਣਾਗਤਿ ਤੌਂ ਜਲ ਭੂਧਰ ਤਾਰੇ॥ ੫੫॥**

ਟੀਕਾ—ਬੜਾ ਦੁਖੀ ਹੋਇਆ ਜੀਵ ਅਬ ਬਾਰਬਾਰ ਰੋ ਰਿਹਾ ਹੈ ਅਤੇ ਅਫਸੋਸ ਕਰ ਰਿਹਾ ਹੈ, ਆਖਦਾ ਹੈ ਨਾ ਮੈਂ ਦਾਨ ਦਿਤਾ ਉੱਤਮ ਕਰਮ ਕਰਨ ਵਾਲੇ ਬ੍ਰਹਮਣਾਂ ਨੂੰ ਅਤੇ ਨਾ (ਦਿਬਧੁਨੀ) ਗੰਗਾ ਮਾਤਾ ਉਤੇ ਜਾਕਰ ਇਸ਼ਨਾਨ ਕੀਤਾ ਕਿ ਸਰੀਰ ਪਵਿਤਰ ਹੋ ਜ ਵੇ ਫਿਰ ਮਾਤਾ ਪਿਤਾ ਕੀ ਵੀ ਟਹਿਲ ਨਾ ਕੀਤੀ ਓਹਨਾਂ ਕੰਮ ਕਹਿਣਾ ਤੇ ਮੈਂ ਨਾ ਕਰਨਾ, ਦੇਖੋ ਸਵਰਨ ਕੀ ਗਤ ਕੌਣ ਲਏ ਅਤੇ ਨ ਸਰੇਸ਼ਟ ਦੇਵਤਾਂ ਸੰਬ੍ਰਹ ਕੋ ਪੂਜਿਆ ਵ ਉਤਮ ਮਹਾਤਮਾਂ ਦੇ ਕੁਲ ਜਾਤੀ ਕੋ ਨ ਮੰਨਿਆ ਬਾਲ ਬ੍ਰਿਧ ਜਵਾਨ ਤੀਨੋ ਅਵਸਥਾ ਵਿਚ ਮੈਂ ਨਾ ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ਉਚਾਰਣ ਕੀਤਾ, ਹੇ ਸ੍ਰੀ ਗੁਰੂ ਨਾਨਕ ਦੇਵ ਜੀ ਬੇਦੀ ਭੂਸ਼ਨ ਅਬ ਮੈਂ ਤੁਮਾਰੇ ਬਿਨਾ ਕੋਈ ਆਸਰਾ ਨਹੀਂ ਦੇਖਦਾ ਜੈਸੇ ਤੁਸੀਂ ਆਪ ਸਮੁੰਦਰ ਉਤੋਂ ਦੀ ਬਾਲਾ ਅਤੇ ਮਰਦਾਨਾ ਕੋ ਲੈ ਕਰ ਲੰਘ ਗਏ ਸੀ ਤੈਸੇ ਮੈਨੂੰ ਵੀ ਲੰਘਾ ਲਵੋ ਇਸ ਸੰਸਾਰ ਡੁਬਦੇ ਤੋਂ ॥ ੫੫ ॥

**ਸ੍ਵੈਯਾ॥ ਨਹਿੰ ਸੇਵ ਕਰੀ ਸਿਵ ਕੀ ਹਮਹੂੰ ਅਰੁ ਨਾਹਿ ਗਜਾਨਨ ਆਸ ਹਮਾਰੇ। ਨਹਿੰ ਪੁੰਨ ਕਰੇ ਭਵ ਮੰਡਲ ਮੈਂ ਅਰੁ ਪਾਪ ਕਰੇ ਜਗ ਮਾਂਹਿ ਕਰਾਰੇ। ਨਹਿੰ ਹੈ ਤਰਬੋ ਯਹਿ ਸੰਕ ਮਿਟੀ ਹਰਿ ਨਾਬ ਬਲੀ ਜੁ ਅਜਾਮਲ ਤਾਰੇ। ਅਬ ਔਰ ਨਾ ਓਟ ਨਿਹਾਰਤ ਹੌਂ ਸਰਨਾਗਿਤ ਹੌਂ ਜਲ ਭੂਧਰ ਤਾਰੇ॥ ੫੬॥**

ਟੀਕਾ—ਅਬ ਕੋਈ ਸ਼ਿਵ ਉਪਾਸ਼ਕ ਅਫਸੋਸ ਕਰ ਰਿਹਾ ਹੈ ਕਿ ਸ਼ਿਵ ਜੀ ਕੀ ਟਹਿਲ ਵੀ ਨਾ ਮੈ ਕਰੀ ਅਤੇ ਗਨੇਸ਼ ਕੀ ਆਸਾ ਵੀ ਨਾ ਕਰੀ ਅਥਵਾ ਜੋ ਕਲਯਾਨ ਸੰਜੁਗਤ ਈਸ਼੍ਵਰ ਜਿਸਨੂੰ ਕਿਹਾ ਸੀ ਹਾਥੀ ਨੇ ਤੂੰ ਮੇਰਾ ਹੈਂ ਤਬ ਉਸਕੀ ਅਕਾਲ ਪੁਰਖ ਨੇ ਸਹਾਇਤਾ ਕਰੀ ਸੀ, ਫਿਰ ਕੋਈ ਪੁੰਨ ਦਾਨ ਮੈਂ ਨ ਕੀਤਾ ਇਸ ਸੰਸਾਰ ਵਿਚ ਸਗੋਂ ਬੜੇ ਤਕੜੇ ਪਾਪ ਕੀਤੇ ਇਸ ਸੰਸਾਰ ਵਿਚ, ਏਹ ਮੈਂ ਆਪਣੇ ਔਗਣਾਂ

ਨੂੰ ਯਾਦ ਕਰਕੇ ਕਹਿਣ ਲਗਾ ਕਿ ਹੁਣ ਮੈਨੂੰ ਕੋਈ ਨਹੀਂ ਤਾਰੇਗਾ ਏਹ ਸੰਕਾ ਹੋ ਗਈ ਮੇਰੇ ਮਨ ਵਿਚ। ਫਿਰ ਮੈਂ ਇਕ ਕਥਾ ਵਿਚਾਰਕੇ ਅਜਾਮਲ ਕੀ ਦਿਲ ਵਿਚ ਆਖਿਆ ਜਿਸ ਨੇ ਐਡੇ ਭਾਰੇ ਪਾਪੀ ਅਜਾਮਲ ਨੂੰ ਤਾਰਿਆ ਹੈ ਓਹ ਮੈਨੂੰ ਕਿਉਂ ਨਾ ਤਾਰੇਗਾ ਭਾਵ ਤਾਰੇਗਾ ਹੁਣ ਕੋਈ ਆਸਰਾ ਨਹੀਂ ਹੈ ਹੇ ਹਰੀ ਤੂੰ ਹੀ ਮੈਨੂੰ ਤਾਰ ਜੈਸੇ ਪਰਬਤ ਤਾਰੇ ਨੀ ਸਮੁੰਦਰ ਉਤੋਂ।

ਕਬਿਤ

ਤਾਰਾ ਹੈ ਸੁ ਗਨਕਾਕੋ ਪੂਤਕੀਨੋ ਪੂਤਨਕੋ, ਅਜਾਮਲ ਤਾਰਾ ਪੁਨ ਗੀਧਨ ਸੁਤਾਰਾ ਹੈ ॥
ਤਾਰਾ ਹੈ ਸੁਗ੍ਰੀਵ ਤੀਆਹੂੰ ਕੇ ਦੁਖਟਾਰਾ ਭਾਰਾ,ਤਾਰਾ ਧਰੁਵਤਾਰਾ ਜਗਜਸ ਬਿਸਤਾਰਾ ਹੈ ॥
ਤਾਰਾ ਜਲਬੂਡ ਯੌਗਜ ਚੱਕ੍ਰਸੋ ਬਿਦਾਰਾ ਨੱਕ੍ਰ , ਸਦਬੀਚ ਦਰੋਪਤੀਕਾ ਚੀਰਨ ਉਤਾਰਾ ਹੈ ॥
ਤਾਰਾ ਜਲਧਾਰਾ ਬੀਚਡਾਰਾ ਪ੍ਰਹਿਲਾਦਨਾਥ,ਪਾਰਾਵਾਰਹੈਨ ਆਪ ਜੇਤਨ ਕ ਤਾਰਾਹੈ॥੫੬॥

**ਦੋਹਰਾ ॥ ਰੇ ਮਨ ਪਾਲਨ ਸੀਲ ਕਿਉਂ ਅਪਦ ਅਨਾਪਦ ਨਾਹਿੰ॥ ਸਦਾ ਕਰੋ ਸੁਖ ਕੋ ਲਹੋ ਤਨ ਲੌ ਜਾਰੋ ਨਾਹਿੰ॥ ੫੭॥**

ਟੀਕਾ—ਅਬ ਭਾਈ ਗੁਲਾਬ ਸਿੰਘ ਜੀ ਪ੍ਰਸੰਗ ਹੋਰ ਕਹਿੰਦੇ ਹਨ ਕਿ ਹੇ ਮਨ ਤੂੰ ਸਦਾ ਹੀ ਸੀਤਲ ਸੁਭਾਵ ਕੋ ਨਬਾਹਿ, ਪਾਲਨਾ ਕਰ ਭਾਵੇਂ ਸੁਖ ਹੋਵੇ ਭਾਵੇਂ ਦੁਖ ਹੋਵੇ ਪ੍ਰੰਤੂ ਸੀਲਤਾਈ ਕੋ ਨਾ ਛਡ ਜਿੰਨਾ ਚਿਰ ਏਹ ਪ੍ਰਣ ਰਖੋਗੇ ਉਨਾਂ ਚਿਰ ਸੁਖ ਲਵੋਂਗੇ ਭਾਵ ਜੋ ਸਰੀਰ ਵੀ ਭਾਈ ਮਨੀ ਸਿੰਘ ਵਾਂਗੂ ਚਲਾ ਜਾਵੇ ਪਰ ਸੀਤਲ ਸੁਭਾਵ ਨਾ ਛਡੇ ॥ ੫੭ ॥

**ਸ੍ਵੈਯਾ ॥ ਭਵ ਮੰਡਲ ਮਾਂਹਿ ਸੁਸੀਲ ਫਲੇ ਪੁਨ ਸੀਲ ਪ੍ਰਲੋਕ ਬਿਖੇ ਫਲ ਜਾਏ॥ ਜਗ ਸੀਲ ਕੁ ਪਾਲਨ ਉਤਮ ਹੈ ਤਨ ਆਪਦ ਤੇ ਨਹਿੰ ਸੀਲ ਗਵਾਏ॥ ਤਨ ਧਾਰ ਰਹੇ ਜਗ ਭੀਤਰ ਜੋ ਮਨ ਕੌਨ ਅਹੇ ਨਹਿ ਜੋ ਦੁਖ ਪਾਏ॥ ਨ੍ਰਿਪ ਪਾਂਡਪ ਸੇ ਬਨ ਮਾਹਿੰ ਬਸੇ ਜਿਨਕੋ ਹਰਿ ਹੋਵਤ ਨੀਤ ਸਹਾਏ॥ ੫੮॥**

ਟੀਕਾ—ਇਸ ਲੋਕ ਵਿਚ ਵੀ ਸੀਲ ਹੀ ਫਲਦਾ ਹੈ ਪੁਨਾ ਪ੍ਰਲੋਕ ਵਿਚ ਵੀ ਸੀਲ ਫਲਦਾ ਹੈ ਤਾਂਤੇ ਜਗਤ ਵਿਚ ਸੀਲ ਕੋ ਹੀ ਪਾਲਨਾ ਉੱਤਮ ਹੈ ਭਾਵੇਂ ਕੋਈ ਸਰੀਰ ਤੇ ਬਿਪਤਾ ਆਂ ਬਣੇ ਸੀਲ ਸੁਭਾਵ ਨਾ ਗਵਾਈਏ ਫਿਰ ਸੋਚੋ ਜੋ ਜੀਵ ਦੇਹ ਧਾਰੀ ਹੈ ਇਹੁ ਸੰਸਾਰ ਮੇਂ ਸੋ ਕੌਣ ਨਹੀਂ ਦੁਖ ਪਾਂਵਦਾ ਭਾਵ ਸਭ ਕੋਈ ਪਾਂਵਦਾ ਹੈ ਦੇਖੋ ਕਿ ਪੋਂਡਵ ਰਾਜਿਆਂ ਨੇ ਬਣ ਵਿਚ ਇਤਨਾ ਦੁਖ ਪਾਯਾ ਜਿਨਾਂ ਦਾ ਆਪ ਹਰੀ ਸਹਾਇਤਾ ਕਰਨ ਵਾਲਾ ਸੀ ਸਦੀਵ ਹੀ ॥ ੫੮ ॥

Sri Satguru Jagjit Singh Ji Elibrary NamdhariElibrary@gmail.com

ਸ੍ਵੈਯਾ॥ ਜਿਹ ਨਾਮ ਉਚਾਰਤ ਦੂਖ ਮਿਟੇ ਵਹਿ ਰਾਮ ਗਏ ਪਟ ਸੇਂ ਬਨ ਮਾਂਹੀ। ਮਥੁਰਾ ਤਜ ਕਾਨ੍ਹ ਬਨੀ ਆਪਦਾ ਮੁਚਕੰਦ ਹਰੀ ਤਿਨਕੀ ਗਿਰਿ ਮਾਂਹੀਂ ਬਲ ਬੀਰ ਪਿਤਾ ਰਘੁਬੀਰ ਪਿਤਾ ਦੁਖ ਲੋਗ ਸਮਾਨ ਲਹੇ ਭਵਮਾਂਹੀਂ। ਕਹੁ ਰੇ ਮਨ ਕੌਨ ਸੁਖੀ ਜਗ ਮੈਂ ਤਨ ਧਾਰਕੇ ਜੋ ਦੁਖ ਪਾਵਤ ਨਾਂਹੀਂ॥ ੫੯॥

ਟੀਕਾ—ਜਿਹਨਾਂ ਦਾ ਨਾਮ ਉਚਾਰਨ ਕਰਕੇ ਜਨਮ ਮਰਨ ਦੇ ਦੁਖ ਮਿਟਦੇ ਹਨ ਓਹ ਰਾਮ ਚੰਦਰ ਚਰਨੀਂ ਤੁਰਦੇ ਬਣ ਵਿਚ ਗਏ। ਫਿਰ ਦੇਖੋ ਮਥਰਾ ਪੁਰੀ ਛਡੀ। ਜਦੋਂ ਕ੍ਰਿਸ਼ਨ ਜੀ ਨੂੰ ਬਿਪਤਾ ਪਈ ਸੀ ਤਦੋਂ ਮੁਚਕੰਦ ਨੇ ਕ੍ਰਿਸ਼ਨ ਦੀ ਬਿਪਤਾ ਦੂਰ ਕੀਤੀ ਸੀ।

## ॥ ਸਾਖੀ ॥

ਜਬ ਕ੍ਰਿਸ਼ਨ ਜੀ ਨਾਲ ਜਰਾਸਿੰਧ ਨੇ ਜੰਗ ਕਰਨਾ ਸ਼ੁਰੂ ਕੀਤਾ ਸੀ ਤਾਂ ਕਾਲਜਮਨ ਕੋ ਆਪਣੀ ਰਖਿਆ ਵਾਸਤੇ ਕਾਬਲ ਵਲੋਂ ਮੰਗਾਇਆ ਸੀ ਤਾਂ ਕ੍ਰਿਸ਼ਨ ਜੀ ਤੁਰਕ ਨਾਲ ਲੜਨਾ ਤੇ ਕਿਆ ਮਥੇ ਲੱਗਣਾ ਵੀ ਨਹੀਂ ਉਚਿਤ ਸਮਝਦੇ ਸੀ ਤਬ ਅਗੇ ਅਗੇ ਭਜੇ ਤਾਂ ਪਰਬਤ ਵਿਚ ਮੁਚਕੰਦ ਸੁਤਾ ਹੋਇਆ ਸੀ ਜੋ ਓਸ ਕੋ ਜਗਾਵੇ ਜਾਕਰ ਸੋ ਭਸਮ ਹੋ ਜਾਂਦਾ ਸੀ ਤਬ ਕ੍ਰਿਸ਼ਨ ਜੀ ਤਾਂ ਓਸ ਜਗ੍ਹਾ ਕਿਧਰੇ ਛਪਨ ਹੋ ਗਏ ਤਾਂ ਇਸ ਨੇ ਮੁਚਕੰਦ ਕੋ ਲਤ ਮਾਰ ਕਰ ਜਗਾਯਾ ਤਾਂ ਇਸਕੋ ਉਸ ਨੇ ਭਸਮ ਕਰ ਦਿਤਾ ਇਸ ਪ੍ਰਕਾਰ ਕ੍ਰਿਸ਼ਨ ਕੀ ਬਿਪਤਾ ਦੂਰ ਹੋਈ।

ਬਲਭੱਦ੍ਰ ਕਾ ਪਿਤਾ, ਰਾਮਚੰਦਰ ਕਾ ਪਿਤਾ ਲੋਕਾਂ ਦੇ ਬਰਾਬਰ ਹੀ ਏਹਨਾਂ ਨੇ ਵੀ ਦੁਖ ਪਾਇਆ ਸੀ ਇਸ ਸੰਸਾਰ ਵਿਚ, ਭਲਾ ਦਸੋ ਖਾਂ ਹੇ ਮੇਰੇ ਮਨ ਕੌਣ ਸੁਖੀ ਹੈ ਇਸ ਸੰਸਾਰ ਵਿਚ ਜੋ ਸਰੀਰ ਧਾਰ ਕੇ ਦੁਖ ਨਹੀਂ ਪਾਂਵਦਾ ਹੈ ਭਾਵ ਸਭ ਕੋਈ ਦੁਖ ਪਾਂਵਦਾ ਹੈ ॥ ੫੯ ॥

ਸਵੈਯਾ॥ ਤਾਤਕੀ ਆਇਸ ਮਾਨ ਚਲੇ ਜਿਨ ਕੇ ਪਦ ਪੰਕਜ ਪੂਜਤ ਲੋਈ। ਰਾਜ ਬਿਭੂਤਿ ਤਜੀ ਛਿਨ ਮੈ ਬਨ ਕੋ ਨਿਕਸੇ ਜਨਨੀ ਬਹੁ ਰੋਈ। ਤੌ ਨ ਫਿਰੇ ਪੁਰਕੋ ਹਰਿਜੂ ਜਬ ਭ੍ਰਾਤ ਗਹੇ ਕਰ ਮੈ ਪਦ ਦੋਈ। ਧਰਮ ਬਰਾਬਰ ਰਾਜ ਨਹੀਂ ਇਹ ਸੂਚਕ ਰਾਮ ਸਨਾਤਨ ਜੋਈ॥ ੬੦ ॥

ਟੀਕਾ—ਪਿਤਾ ਕੀ ਆਗਿਆ ਮੰਨਕੇ ਤੁਰ ਪਏ ਬਨ ਕੋ ਜਿਨਾਂ ਦੇ ਚਰਨ ਕਮਲਾਂ ਕੋ ਲੋਕ ਪੂਜਤੇ ਸਨ, ਰਾਜ ਬਿਭੂਤੀ ਵੀ ਇਕਾਇਕ ਛਿਨ ਵਿਚ ਛਡ ਦਿਤੀ ਬਣ

ਨੂੰ ਉਠ ਤੁਰ ਮਾਤਾ ਨੇ ਬੜਾ ਰੁਦਨ ਕੀਤਾ, ਤਦ ਵੀ ਨਾ ਮੁੜੇ ਪੁਰੀ ਅਜੁਧਿਆ ਵਲ ਰਾਮ ਚੰਦਰ ਜੀ ਜਦ ਭਰਾਤਾ ਭਰਤ ਨੇ ਦੋਵੇਂ ਚਰਨ ਪਕੜੇ ਆਪਣੇ ਹਥ ਨਾਲ ਤੇ ਮਹਾਰਾਜ ਨੇ ਭਰਤ ਜੀ ਕੋ ਆਖਿਆ ਕਿ ਧਰਮ ਕੇ ਸਮਾਨ ਰਾਜ ਨਹੀਂ ਹੈ ਏਹ ਬਾਤ ਜਨਾਈ ਰਾਮ ਚੰਦਰ ਜੀ ਨੇ ਕਿ ਪਿਛਲੀ ਰੀਤ ਹੀ ਚਲੀ ਆਈ ਹੈ।

## ॥ ਹਿਰਦਾ ਰਾਮ ਜੀ ॥ ਸਵੈਯਾ ॥

ਕਾਲ ਬਲੀ ਕਾਵਿ ਰਾਜ ਸੁਨੇ ਦੁਖ ਸ੍ਰੀ ਰਘੁਬੀਰ ਕੀ ਬਾਤਨ ਕੇ ॥
ਜਬ ਤਾਤ ਕਹਯੋ ਚਲਹੀ ਨਿਕਸੇ ਨ ਰਹੇ ਬਿਲਲਾਤ ਸੁ ਮਾਤਨਕੇ ॥
ਅਬ ਅਰ ਕੀ ਕੋਨ ਕਹੈ ਸੁਰ ਭੂਪਤ ਹੈ ਤਕੀਆਂ ਜੁਮਲਾਤਨ ਕੇ ॥
ਮਨ ਕੰਚਨ ਧਾਮ ਤਜੇ ਬਨ ਮੇ ਜਬ ਰਾਮ ਕੀਏ ਘਰ ਪਾਤਨ ਕੇ ॥ ੬੦ ॥

**ਸ੍ਵੈਯਾ ॥ ਧਰ ਮਾਨਵ ਦੇਹ ਸੁ ਭਾਰਥ ਖੰਡਹਿ ਕਾ ਹਿਤ ਭੋਗਨ ਮੈ ਲਲਚਾਂਹੀ। ਜਗ ਦੂਰ ਤਜੋ ਗਜ ਬਾਜ ਰਥਾਦਿਕ ਮਾਹਿ ਵਿਭੂਤਿ ਕਛੂ ਸੁਖ ਨਾਹੀ। ਇਹ ਲੋਕ ਪ੍ਰਲੋਕ ਸੁ ਸੰਗ ਚਲੈ ਇਕ ਧਰਮ ਕੁ ਸੰਚ ਧਰੋ ਉਰ ਮਾਂਹੀ। ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੂਤ ਤਜੀ ਛਿਤ ਮਾਂਹੀ ॥ ੬੧ ॥**

ਟੀਕਾ--ਮਨੁੱਖਾ ਜਨਮ ਲੈ ਕਰਕੇ ਇਸ ਭਾਰਤ ਖੰਡ ਕੀ ਧਰਤੀ ਉਤੇ ਕਿਸ ਵਾਸਤੇ ਭੋਗਾਂ ਵਿਚ ਲਗਣਾ ਹੈ, ਇਸ ਜਗਤ ਤੋਂ ਦੂਰ ਕਰੋ ਹਾਥੀ, ਘੋੜੇ, ਰਥ ਆਦਿਕ ਇਸ ਸੰਪਤ ਵਿਚ ਕੁਛ ਨਹੀਂਗਾ ਅਤੇ ਏਹ ਲੋਕ ਪ੍ਰਲੋਕ ਵਿਚ ਨਾਲ ਨਹੀਂ ਚਲੇਗਾ ਜੋ ਇਕ ਧਰਮ ਨੂੰ ਇਕੱਤ੍ਰ ਕਰਨਾ ਹੈ ਰਿਦੇ ਵਿਚ ਹੁਣ ਹੋਰ ਕਿਸੇ ਦੀ ਬਾਤ ਕੀ ਆਖੀਏ ਜਦ ਰਾਮ ਚੰਦਰ ਜੀ ਆਪਣੀ ਬਿਭੂਤੀ ਛਡ ਦਿਤੀ ਧਰਤੀ ਮੇਂ ॥ ੬੧ ॥

**ਸ੍ਵੈਯਾ ॥ ਰਘੁ ਭੂਪ ਦਿਲੀਪ ਤਜੀ ਛਿਤ ਮੈ ਅਰੁ ਜਾਇ ਬਸੋ ਸੁ ਤਪੋ ਬਨ ਮਾਂਹੀਂ। ਅਜ ਨਾਭ ਕੁ ਨੰਦਨ ਤਯਾਗ ਬਿਭੂਤਿ ਗਯੋ ਬਨ ਕੋ ਸੁਰ ਮੇ ਪੁਰ ਮਾਂਹੀਂ॥ ਮਹਿ ਮੰਡਲ ਰਾਜ ਕੁ ਤਯਾਗ ਦਯੋ ਪੁਰ ਮੰਡਲ ਤਯਾਗਨ ਮੈ ਸ੍ਰਮ ਨਾਹੀਂ। ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੂਤਿ ਤਜੀ ਛਿਤ ਮਾਹੀਂ ॥ ੬੨ ॥**

ਟੀਕਾ—ਰਘੂ ਰਾਜਾ ਦਲੀਪ ਰਾਜਾ ਜਤੀ ਜੋ ਇੰਦਰੈ ਕੋ ਦਮਨ ਕਰਦਾ ਸੀ ਅਤੇ ਇਸ ਧਰਤੀ ਕਾ ਰਾਜ ਕਰਦਾ ਸੀ ਪੁਨਾ ਓਹ ਵੀ ਜੰਗਲਾਂ ਦੇ ਵਿਚ ਜਾ ਰਹੇ ਰਾਜ ਛਡਕੇ ਅਤੇ ਫਿਰ ਰਿਖ ਦੇਵ ਵੀ ਛਡ ਕਰਕੇ ਸੰਪਤ ਕੋ ਚਲਾ ਗਿਆ ਜੰਗਲ ਕੋ ਫਿਰ ਕਦੀ ਵੀ ਆਪਣੇ ਪੁਰ ਵਿਚ ਨਾ ਆਇਆ ਦੇਖੋ

Sri Satguru Jagjit Singh Ji Elibrary NamdhariElibrary@gmail.com

ਜਿਹਨਾਂ ਨੇ ਧਰਤੀ ਦਾ ਰਾਜ ਛਡ ਦਿਤਾ ਓਹ ਨਿਕੇ ਨਿਕੇ ਪਿੰਡਾਂ ਦੇ ਰਾਜ ਨੂੰ ਕਿਆ ਕਰਦੇ ਹਨ ਭਾਵ ਛਡਦੇ ਰਤਾ ਦੁਖ ਨਹੀਂ ਮੰਨਦੇ ਹੁਣ ਕਿਸੇ ਦੀ ਕੀ ਬਾਤ ਆਖੀਏ ਜੇ ਰਾਮ ਚੰਦਰ ਨੇ ਹੀ ਸਾਰੀ ਬਿਭੂਤੀ ਇਸ ਧਰਤੀ ਉਤੋਂ ਛਡ ਦਿਤੀ ॥ ੬੨ ॥

**ਸ੍ਵੈਯਾ॥ ਬਨਤਾ ਸੁਤ ਰਾਜ ਬਿਭੂਤਨ ਮੈ ਨਿਜ ਦੇਸਨ ਮੈ ਸੁਭ ਵੇਸਨ ਮਾਹੀਂ। ਗਜਦੰਤ ਪਲੰਘ ਸੁ ਮੰਦਰ ਮੈਂ ਬਹੁ ਬਿੰਜਨ ਔਰ ਪਤੰਬਰ ਮਾਹੀਂ। ਸੁਖ ਜੋ ਪਿਖੀਯੋ ਥਿਪ ਨਾਹਿੰ ਰਹੇ ਇਹ ਹੇਰਤ ਜੇ ਬੁਧ ਯਾ ਜਗ ਮਾਹੀਂ। ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੁਤਿ ਤਜੀ ਛਿਤ ਮਾਂਹੀਂ॥ ੬੩॥**

ਟੀਕਾ—ਇਸਤਰੀ ਪੁਤਰ ਰਾਜ ਬਿਭੂਤੀ ਆਪਣਾ ਦੇਸ ਅਤੇ ਬੜਾ ਅੱਛਾ ਵੇਸ ਬਨਾਵਣ ਵਿਚ ਹਾਥੀ ਕੇ ਦੰਦਾਂ ਨਾਲ ਪ੍ਰਯੰਤ ਭੂਛਤ ਕੀਆ ਹੋਵੇ ਅਤੇ ਬੜੇ ਅਛੇ ਮੰਦਰ ਅਟਾਰੀਆਂ ਵਾਲੇ ਹੋਵਣ ਵਿਚ ਬੜੇ ਅਛੇ ਭੋਜਣ ਖਾਣ ਵਾਸਤੇ ਹੋਵਣ ਪੁੰਨਾ ਪਟ ਕੇ ਬਸਤਰ ਹੋਵਣ ਇਤਿਆਦਿਕ ਵਿਚ ਸੁਖ ਇਸਥਤ ਨਹੀਂ ਹੈ ਦੇਖੀਦਾ ਜੋ ਅਕਲ ਵਾਲੇ ਦੇਖਦੇ ਹਨ ਕਿ ਠੀਕ ਹੈ ਦੁਖ ਹੀ ਇਸ ਵਿਚ ਹੈ ਅਬ ਹੋਰ ਕਿਸੇ ਦੀ ਕਿਆ ਬਾਤ ਆਖੀਏ ਜਬ ਰਾਮ ਚੰਦਰ ਨੇ ਸਾਰੀ ਬਿਭੂਤੀ ਧਰਤੀ ਕੀ ਛਡ ਦਿਤੀ ॥ ੬੩ ॥

**ਸ੍ਵੈਯਾ॥ ਕੰਜ ਪ੍ਰਭਾ ਦ੍ਰਿਗ ਚੰਦ੍ਰ ਮੁਖੀ ਗਜ ਗਾਮਨਿ ਨਾਰਿ ਤਜੇ ਘਰ ਮਾਹੀਂ। ਭੌਨ ਰੰਗੀਨ ਸਮੇਤ ਤਜੇ ਸਭ ਭੋਗ ਬਿਲਾਸ ਹੁਤੇ ਘਰ ਮਾਹੀਂ। ਧੰਨ ਵਹੀ ਭਵ ਭੀਤਰ ਤੇ ਤਨ ਧਾਰ ਮਹਾਂ ਤਪਸਾ ਨਿਰਬਾਹੀਂ॥ ਅਬ ਔਰਨ ਬਾਤ ਕਹਾਂ ਕਹੀਏ ਰਘੁਬੀਰ ਬਿਭੁਤਿ ਜੀਤ ਛਿਤ ਮਾਹੀਂ ॥ ੬੪॥**

ਟੀਕਾ—ਕੰਵਲ ਵਰਗੀ ਨੇਤਰਾਂ ਦੀ ਸ਼ੋਭਾ ਹੈ ਅਤੇ ਚੰਦਰਮਾਂ ਵਰਗਾ ਮੁਖ ਹੈ ਹਾਥੀ ਵਰਗੀ ਚਾਲ ਹੈ ਜਿਸ ਇਸਤਰੀ ਕੀ ਐਸੀ ਇਸਤਰੀ ਵੀ ਛਡ ਦਿਤੀ ਘਰ ਵਿਚ ਘਰ ਵੀ ਬੜੇ ਸੁੰਦਰ ਏਨਾਂ ਵਸਤੂਆਂ ਕੇ ਨਾਲ ਹੀ ਛਡੇ ਸਾਰੇ ਭੋਗ ਬਿਲਾਸ ਕਰਨੇ ਵੀ ਹੈਗੇ ਸੀ ਘਰ ਵਿਚ ਓਹ ਆਦਮੀ ਧੰਨ ਹਨ ਇਸ ਸੰਸਾਰ ਵਿਚ ਜਿਹਨਾਂ ਨੇ ਸਰੀਰ ਧਾਰਕੇ ਤੇ ਬੜੀ ਤਪੱਸਿਆ ਕੀਤੀ ਹੈ ਅਬ ਹੋਰ ਕਿਸੇ ਦੀ ਕੀ ਬਾ ਤਆਖੀਏ ਜਦ ਰਾਮ ਚੰਦਰ ਜੀ ਨੇ ਧਰਤੀ ਕੀ ਬਿਭੂਤੀ ਛਡ ਦਿਤੀ ॥ ੬੪ ॥

## ਹਰੀਰਾਮ ਛੰਦ ਰਤਨਾਵਲੀ ਵਾਲੇ ਕੋ

## ॥ ਤੋਟਕ ਛੰਦ ॥

ਪਿਕਵਾਨਿ ਮ੍ਰਿਗੀ ਦ੍ਰਿਗ ਕੀਰਨਸੀ ॥ ਮਨੁ ਮਾਰ ਤੀਯਾ ਬਨ ਕੈ ਇਕਸੀ ॥
ਲਖ ਵੈ ਥਿਰਤੀ ਜਿਨ ਕੈ ਮਨ ਹੈ ॥ ਹਰਿ ਰਾਮ ਵਹੈ ਜਗ ਮੈ ਧਨ ਹੈ ॥ ੬੪ ॥

**ਸ੍ਵੈਯਾ॥ ਜੋ ਚਤੁਰਾਨਨ ਕੇ ਸੁਤ ਚਾਰ ਗਹੀ ਨ ਬਿਭੂਤਿ ਰਮੇ ਹਰਿ ਮਾਹੀ। ਯੱਦਪਿ ਹੈ ਹਰਿ ਪੂਰਨ ਤੇ ਅਰਲੌ ਰਤਿ ਹੈ ਸੁਭ ਮੰਤਨ ਮਾਂਹੀਂ। ਸੇਸ ਸਮੀਪ ਸੁਨੇ ਹਰਿ ਕੋ ਜਸ ਸੰਭੁ ਸਮੇਤ ਸਦਾ ਚਲ ਜਾਂਹੀ। ਹੋਵਤ ਹੈ ਗੁਣ ਉੱਤਮ ਨਾਸ ਕੁਸੰਗਤ ਤੇ ਸਨਕਾਦਿ ਡਰਾਂਹੀ ॥ ੬੫ ॥**

ਟੀਕਾ—ਜੇਹੜੇ ਬ੍ਰਹਮਾ ਦੇ ਪੁਤ੍ਰ ਚਾਰ ਹਨ ਓਹਨਾਂ ਵੀ ਰਾਜ ਬਿਭੁਤੀ ਅੱਛੀ ਨਹੀਂ ਜਾਨੀ ਛਡ ਕੇ ਸੰਪਦਾ ਈਸ਼੍ਵਰ ਕੋ ਯਾਦ ਕਰਦੇ ਹੋਵੇ ਭਾਵੇਂ ਓਹ ਬ੍ਰਹਮਾ ਕੇ ਪੁਤਰ ਹਰੀ ਕਾ ਰੂਪ ਹਨ ਤੋਂ ਵੀ ਅਜੇ ਤਕ ਓਹਨਾਂ ਦੀ ਪ੍ਰੀਤੀ ਸੰਤਾਂ ਦੇ ਵਿਚ ਹੀ ਹੈ ਫਿਰ ਸ਼ਸ਼ਨਾਗ ਦੇ ਪਾਸ ਹਰੀ ਕਾ ਜਸ ਸੁਣਦੇ ਹਨ ਫਿਰ ਸ਼ਿਵਜੀ ਪਾਸ ਚਲੇ ਜਾਂਦੇ ਹਨ, ਸਦੀਵੀ ਏਹ ਓਹਨਾਂ ਦੀ ਕਾਰ ਹੈ, ਏਹ ਗੁਣ ਉੱਤਮ ਪੁਰਸ਼ਾਂ ਵਿਚ ਹੁੰਦੇ ਹਨ ਅਤੇ ਫਿਰ ਕੁਸੰਗੀਆਂ ਵਿਚ ਬੈਠ ਕੇ ਨਾਸ਼ ਹੋ ਜਾਂਦੇ ਹਨ, ਇਸ ਵਾਸਤੇ ਕੁਸੰਗਤ ਪਾਸੋਂ ਬ੍ਰਹਮਾ ਦੇ ਬੇਟੇ ਵੀ ਚਾਰੇ ਡਰਦੇ ਹਨ ॥ ੬੫ ॥

**ਦੋਹਰਾ ॥ ਆਨ ਜੀਵ ਕੀ ਕਯਾ ਕਥਾ ਜੋ ਸਨਕਾਦਿ ਡਰਾਂਹਿ ॥ ਗੁਣ ਉੱਤਮ ਕੋ ਪਾਲੀਏ ਸਾਵਧਾਨ ਮਨ ਮਾਂਹਿ ॥ ੬੬ ॥**

ਟੀਕਾ—ਹੋਰ ਕਿਸੇ ਜੀਵ ਕੀ ਕਿਆ ਗਿਣਤੀ ਹੈ ਜੋ ਬ੍ਰਹਮਾ ਦੇ ਪੁਤਰ ਵੀ ਚਾਰੇ ਡਰਦੇ ਹਨ ਇਸ ਵਾਸਤੇ ਉਤਮ ਗੁਣਾਂ ਨੂੰ ਧਾਰਨਾ ਚਾਹੀਦਾ ਹੈ ਹੁਸ਼ਿਆਰ ਹੋਕਰ ਮਨ ਵਿਚ ॥ ੬੬ ॥

**ਸ੍ਵੈਯਾ॥ ਉਤਮ ਆਗ ਬਿਖੇ ਜਰਨੇ ਜਿਮ ਜਾਇ ਮਰੇ ਜਗ ਮਾਂਹਿੰ ਪਤੰਗਾ। ਉਤਮ ਯਾ ਤਨ ਫੋੜ ਮਰੇ ਗਿਰ ਕੇ ਭਵ ਮੈ ਨਰ ਸੈਲ਼ ਉਤੰਗਾ। ਉਤਮ ਹੈ ਭਵ ਮਾਹਿੰ ਮਰੇ ਕਰ ਡਾਰ ਮੁਖਾਂਤਰ ਭੀਮ ਭੁਜੰਗਾ। ਜੀਵਤ ਨਾਹਿ ਕਰੇ ਕਬ ਹੀ ਗੁਣ ਉਤਮ ਕੋ ਬਨ ਕੋ ਨਰ ਭੰਗਾ॥ ੬੭॥**

ਟੀਕਾ–ਉਤਮ ਗੁਣ ਵਾਲਿਆਂ ਆਦਮੀਆਂ ਕੋ ਐਸੇ ਚਾਹੀਏ ਕਿ ਜੇ ਅਗ ਵਿਚ ਵੀ ਜਾ ਸੜੇ ਪਤੰਗ ਵਾਂਗੂੰ ਫਿਰ ਜੋ ਉੱਤਮ ਨਰ ਹੈਂ ਓਹ ਇਸ ਸਰੀਰ ਨੂੰ ਕਿਸੇ ਸ਼ਸਤਰ ਆਦਿਕ ਨਾਲ ਫੜ ਕੇ ਮਰ ਜਾਵੇ ਵ ਉਚੇ ਪਰਬਤ ਉਤੋਂ ਡਿਗਕੇ ਮਰੇ ਤੇ ਵੀ ਬੜਾ ਅੱਛਾ ਹੈ ਓਹ ਵੀ ਉੱਤਮਤਾਈ ਹੈ ਇਸ ਸੰਸਾਰ ਵਿਚ ਜੋ ਬੜੇ ਭਾਰੇ ਭੈ ਦਾਇਕ ਸਰਪ ਕੇ ਮੁਖ ਵਿਚ ਪੈ ਜਾਵੇ ਤਾਂ ਮਰੇ ਪ੍ਰੰਤੂ ਜੀਵਤ ਆਪ •ਏ ਨਾ ਕਹੇ ਕਿ, ਹੈਂ ਕਿਆਂ ਕਸ਼ਟ ਹੂਆ ਨਹੀਂ ਕਰਦਾ ਕਦਾਚਿਤ ਵੀ ਐਸੇ ਉੱਤਮ ਗੁਣਾ ਕੋ ਪਾ ਕਰਕੇ ਫਿਰ ਏ ਨਹੀਂ ਕਰਦੇ ਕਿ ਮੈਂ ਛਡ ਦੇਵਾਂ ਮਨ ਭੰਗ ਕਰ ਲਵੇ ਐਸੇ ਐਸੇ ਪੁਰਸ਼ ਧੰਨ ਹਨ ॥ ੬੭ ॥

**ਦੋਹਰਾ ॥ ਗੁਣ ਮਾਰਗ ਸੂਧੇ ਚਲੋ ਖਲਨਿੰਦਾ ਡਰਡਾਰ ॥ ਬ੍ਰਿਧਿ ਖਲ ਕਛੂ ਐਸੇ ਰਚੇ ਗੁਣ ਕੋ ਦੋਖ ਉਚਾਰ ॥ ੬੮ ॥**

ਟੀਕਾ–ਹੇ ਭਲੇ ਪੁਰਸ਼ ਤੁਸੀਂ ਨਿਸਚਿੰਤ ਹੋਕਰ ਗੁਣਾਂ ਦੇ ਰਸਤੇ ਸਿਧੇ ਹੋਕਰ ਚਲੋ ਮੂਰਖਾਂ ਕੀ ਨਿੰਦਯਾਂ ਕੇ ਭੈ ਕੋ ਦੂਰ ਕਰਕੇ ਬ੍ਰਹਮਾ ਨੇ ਕੁਛ ਮੂਰਖ ਐਸੇ ਬਨਾਇ ਹਨ ਜੋ ਕੋਈ ਅੱਛਾ ਕੰਮ ਵੀ ਭਲਾ ਪੁਰਸ਼ ਕਰੇ ਤਾਂ ਦੋਸ ਅਰੋਪਨ ਕਰਦੇ ਹਨ ॥ ੬੮ ॥

**ਸ੍ਵੈਯਾ ॥ ਸੇਵ ਕਰੋਂ ਤੁ ਕਹੇਂ ਕੁਛ ਚਾਹਤ ਨਾਹਿੰ ਕਰੋ ਤੁ ਕਹੈਂ ਢਿਠਤਾਈ। ਜੇ ਪਦ ਬੰਦਨ ਜਾਇ ਕਰੋਂ ਤੁ ਕਹੋਂ ਹਮੇਤ ਉਰ ਮਾਂਹਿ ਡਰਾਈ। ਨਾਂਹਿ ਕਰੋਂ ਤੁ ਕਹੈਂ ਯਹਿ ਮੂਰਖ ਬ੍ਰਿਧਿ ਅਬ੍ਰਿਧਿ ਕੀ ਸਾਰ ਨਾ ਕਾਈ। ਜਾਨਤ ਹੈ ਜਨਕਾਤਮ ਜਾਪਤਿ ਔਰ ਕਹੋਂ ਅਬ ਕਾਹਿ ਸੁਨਾਈ ॥ ੬੯ ॥**

ਟੀਕਾ–ਅਬ ਭਾਈ ਗੁਲਾਬ ਸਿੰਘ ਜੀ ਮੂਰਖ ਆਦਮੀਆਂ ਦਾ ਬ੍ਰਿਤਾਂਤ ਵਰਨਨ ਕਰਦੇ ਹਨ ਕਿ ਜੋ ਭਲੇ ਪੁਰਸ਼ ਕਿਸੇ ਮੂਰਖ ਦੀ ਟਹਿਲ ਕਰਨ ਤਾਂ ਮੂਰਖ ਆਖਦੇ ਹਨ ਕਿ ਕੁਛ ਸਾਡੇ ਪਾਸੋਂ ਮੰਗਣ ਵਾਸਤੇ ਕਰਦਾ ਹੈ ਜੇਕਰ ਨਾ ਕਰੀਏ ਸੇਵਾ ਮੂਰਖ ਦੀ ਤਾਂ ਆਖਦੇ ਹਨ ਕਿ ਇਸ ਕੀ ਜੜਤਾਈ ਹੈ ਭਾਵ ਏ ਮੂਰਖ ਹੈ ਜੋ ਸਾਡੀ ਸੇਵਾ ਨਹੀਂ ਕਰਦਾ ਫਿਰ ਜੇਕਰ ਮੈਂ ਚਰਨਾਂ ਕੋ ਨਮਸਕਾਰ ਕਰਾਂ ਤਾਂ ਆਖਦੇ ਹਨ ਸਾਡੇ ਪਾਸੋਂ ਰਿਦੇ ਵਿਚ ਡਰਦਾ ਹੈ ਤਾਂ ਤੇ ਬੰਦਨਾ ਕਰਦਾ ਹੈ ਜੇਕਰ ਨਾਂ ਬੰਦਨਾ ਕਰਾਂ ਤੇ ਕਹਿੰਦੇ ਹਨ ਕਿ ਏ ਮੂਰਖ ਹਨ ਕਿ ਇਸਨੂੰ ਬੜੇ ਛੋਟੇ ਦੀ ਕੋਈ ਖਬਰ ਨਹੀਂ ਹੈ ਅਤੇ ਨਾ ਭਲੇ ਬੁਰੇ ਨੂੰ ਜਾਨਦਾ ਹੈ ਇਸ ਬਾਤ ਕੋ ਜਨਕ ਕੀ ਜੋ ਪੁਤਰੀ ਉਸ ਕੇ ਜੋ ਪਤੀ ਹਨ ਓਹ ਮੇਰੀ ਬਾਤ ਜਾਣਦੇ ਹਨ ਹੋਰ ਮੈਂ ਕਿਸ ਨੂੰ ਸੁਣਾਇਕੇ ਆਖਾਂ ॥ ੬੯ ॥

Sri Satguru Jagjit Singh Ji Elibrary NamdhariElibrary@gmail.com

**ਸ੍ਵੈਯਾ॥ ਜਗ ਲਾਜ ਜਹਾਜ ਕਹੈ ਜੜਤਾ ਬ੍ਰਤ ਧਾਰਣ ਤੇ ਖਲ ਦੰਭ ਉਚਾਰੇ। ਰਣ ਸੂਰ ਕੋ ਕ੍ਰੂਰ ਕਹੇ ਜਗ ਮੈ ਰਜਿ ਭਾਵਹਿ ਬੁਧਿ ਬਿਹੀਣ ਪੁਕਾਰੇ। ਮਧ ਬੈਨਨ ਦੀਨਨ ਕੇ ਨਰ ਜੋ ਸੁ ਬਖਾਨ ਕਰੈ ਸੁਵਚਾਲ ਬਿਚਾਰੇ। ਗੁਣ ਕੌਨ ਅਹੇ ਗੁਣ ਵਾਨਨ ਕੋ ਖਲ ਦੋਖਨ ਤੇ ਜੋਇ ਨਾਹਿ ਲਤਾਰੇ॥੭੦॥**

ਟੀਕਾ—ਜੇਹੜਾ ਜਗਤ ਦੇ ਵਿਚ ਲੱਜਯਾ ਕਰੇ ਤੇ ਬਹੁਤ ਹੀ ਉੱਤਮ ਹੈ ਕਦੀ ਆਦਮੀ ਉਸਨੂੰ ਮੂਰਖ ਲੋਕ ਮੂਰਖ ਆਖਦੇ ਹਨ ਜੇਕਰ ਕੋਈ ਸਯਾਨਾ ਪੁਰਸ਼ ਬਰਤ ਆਦਿਕ ਰਖੇ ਤਾਂ ਕਹਿੰਦੇ ਹਨ ਮੂਰਖ ਏ ਪਾਖੰਡੀ ਹੈ ਫਿਰ ਜੇਹੜਾ ਧਰਮ ਪਿਛੇ ਸੂਰਮਾ ਜਧ ਭੂਮਕਾ ਵਿਚ ਲੜਕੇ ਮਰ ਜਾਵੇ ਓਸਨੂੰ ਕਰੜਾ ਕਹਿੰਦੇ ਹਨ ਅਤੇ ਕੋਮਲ ਪੰਡਤ ਕੇ ਸੁਭਾਵ ਕੋ ਅਕਲ ਤੋਂ ਬਿਨਾਂ ਆਖਦੇ ਹਨ ਫਿਰ ਮੀਠੇ ਬਚਨ ਗਰੀਬਾਂ ਪੁਰਸ਼ਾਂ ਨੂੰ ਕਹਾਂ ਤੇ ਮੂਰਖ ਲੋਕ ਗਪਾਂ ਮਾਰਨ ਵਾਲਾ ਆਖਦੇ ਹਨ ਯਾ ਜਿਸਦਾ ਮਗਜ਼ ਕੀੜਿਆਂ ਖਾਧਾ ਹੋਵੇ ਓਸ ਦੀ ਨਯਾਈਂ ਆਖਦੇ ਹਨ ਭਾਈ ਗੁਲਾਬ ਸਿੰਘ ਜੀ ਆਖਦੇ ਹਨ ਕਿ ਜੇਹੜਾ ਗੁਣ ਹੈ ਗੁਣ ਵਾਲਿਆਂ ਦਾ ਜੋ ਮੂਰਖਾਂ ਦੇ ਦੋਸ਼ਾਂ ਪਾਸੋਂ ਨਾ ਲਤਾੜਿਆ ਜਾਵੇ ॥ ੭੦ ॥

**ਦੋਹਰਾ॥ ਜਗ ਰਚਨਾ ਅਦਭੁਤ ਰਚੀ ਬ੍ਰਹਮਾ ਮਾਇਕ ਆਹਿ॥ ਕਹਿ ਅੰਮ੍ਰਿਤ ਕਹਿ ਬਿਖ ਮਈ ਨਿਰਨੋ ਹੋਵਤ ਨਾਹਿ॥੭੧॥**

ਟੀਕਾ—ਇਸ ਸੰਸਾਰ ਕੀ ਬਨਾਵਟ ਬੜੀ ਸੁੰਦਰ ਬਣਾਈ ਹੈ ਬ੍ਰਹਮਾਂ ਨੇ ਜੋ ਮਾਯਾ ਵਾਲਾ ਹੈ ਬ੍ਰਹਮਾ ਮਾਇਆ ਕਾ ਹੀ ਜੋ ਸਰੂਪ ਹੈ ਕਿਸੀ ਜਗਾ ਅੰਮ੍ਰਿਤ ਕਿਸੀ ਜਗਾ ਬਿਖ ਏਹੀ ਸਭ ਰਲਾ ਮਿਲਾ ਦਿਤਾ ਜੋ ਕੁਛ ਵਖੋ ਵਖ ਨਹੀਂ ਹੁੰਦਾ ਹੇ ਬ੍ਰਹਮਾ ਕੀ ਰਚਨਾ ਵਿਚ ਬਹੁਤੀ ਭੁਲ ਹੋਈ ਹੈ ਪਿਛੇ ਮੈਂ ਕਬਿੱਤ ਟਹਿਲ ਸਿੰਘ ਜੀ ਕੇ ਕਹਿ ਆਇਆ ਹਾਂ ॥ ੭੧ ॥

**ਸ੍ਵੈਯਾ॥ ਕਹਿ ਬੀਨਨ ਤਾਲ ਮ੍ਰਿਦੰਗਨ ਕੀ ਧੁਨਿ ਗਾਵਤ ਹੈਂ ਮਨਮੰਦ ਬਡਾਈ॥ ਕਹਿ ਰੋਵਤ ਹੈਂ ਨਰ ਨਾਰਿ ਮਹਾਂ ਧਰ ਲੋਟਤ ਹੈ ਉਰ ਮੈਂ ਦੁਖ ਪਾਈ॥ ਕਹਿ ਚੰਦਨ ਨੀਰ ਗੁਲਾਬ ਘਸੇ ਸੁ ਸੰਧੂਰਹਿ ਕੀ ਸਿਰ ਮਾਂਗ ਬਣਾਈ। ਕਹਿ ਹਾਬਨ ਸੇ ਸੁ ਉਪਾਰ ਸਿਰੋਰਹਿ ਮਾਂਗ ਜਹਾ ਤਹਿ ਭੂਮ ਰੁਲਾਈ॥੭੨॥**

ਟੀਕਾ—ਕਿਸੀ ਜਗਾ ਬੀਨਾ ਕੈਸੀਆਂ ਮਿਰਦੰਗੋਂ ਕੀ ਅਵਾਜ਼ ਆ ਰਹੀ ਹੈਂ, ਇਨਕੋ ਗਵੱਯੇ ਬੜੀ ਸੁਰ ਨਾਲ ਅਨੰਦ ਸੰਜੁਗਤ ਗਾਇਨ ਕਰ ਰਹੇ ਹਨ,

Sri Satguru Jagjit Singh Ji Elibrary NamdhariElibrary@gmail.com

ਕਿਸੀ ਜਗਾ ਰੋ ਰਰੋ ਹਨ ਪੁਰਸ਼ ਅਤੇ ਇਸਤਰੀਆਂ, ਬਹੁਤ ਧਰਤੀ ਉਤੇ ਲੇਟ ਰਹੀਆਂ ਹਨ ਦੂਖ ਕੋ ਪਾ ਕਰਕੇ ਰਿਦੇ ਵਿਚ, ਕਿਸੀ ਜਗਾ ਚੰਦਨ ਜਲ ਗੁਲਾਬ ਕੋ ਘਸਾਕੇ ਤਨ ਕੋ ਲਗਾ ਰਹੀਆਂ ਹਨ ਪੁਨਾ ਸੰਧੂਰ ਸਿਰ ਦੀ ਮੀਢੀ ਗੁੰਥਨ ਕਰੀ ਹੈ; ਕਿਸੀ ਜਗਾਂ ਹਥਾਂ ਨਾਲ ਪੁਟਕੇ ਵਾਲ ਸਿਰ ਤੋਂ ਤੇ ਪਟੀਆਂ ਧਰਤੀ ਕੀ ਮਿਟੀ ਵਿਚ ਰੁਲ ਰਹੀਆਂ ਹਨ ॥ ੭੨ ॥

**ਸ੍ਵੈਯਾ ॥ ਕਹਿੰ ਕੋਵਿਦ ਬੈਠ ਬਿਚਾਰ ਕਰੇ ਕਹਿ ਮੂੜ ਭਯਾਨਕ ਰਾਰ ਮਚਾਈ। ਕਹਿੰ ਰੋਗ ਮਹਾਂ ਤਨ ਪਾਕ ਬਹੇ ਕਹਿੰ ਸੌਰਭ ਸੁੰਦਰ ਦੇਤ ਦਿਖਾਈ। ਬਿਖ ਮੇਲ ਸੁਧਾਰਸ ਸੰਗ ਕਿਧੋ ਬਿਧ ਮਾਇਕ ਨੇ ਯਹਿ ਖੇਲ ਰਚਾਈ। ਨਹਿ ਜਾਨ ਪਰੈ ਜਗ ਆਇ ਸੁਧਾਰਸ ਕੈ ਬਿਖ ਕੀ ਬਿਧ ਖੇਲ ਬਨਾਈ ॥ ੭੩ ॥**

ਟੀਕਾ–ਕਿਸੀ ਜਗਾਂ ਪੰਡਤ ਬੈਠ ਕਰ ਵਿਦਯਾ ਕਾ ਵਿਚਾਰ ਕਰ ਰਹੇ ਹਨ ਕਿਸੀ ਜਗਾ ਮੂਰਖ ਬੜੀ ਭੈ ਦਾਇਕ ਲੜਾਈ ਕਰ ਰਹੇ ਹਨ ਕਿਸੀ ਜਗਾ ਰੋਗੀਆਂ ਦੇ ਸਰੀਰ ਵਿਚੋਂ ਪਾਕ ਲਹੂ ਵਗ ਰਿਹਾ ਹੈ ਕਿਸੀ ਜਗਾ ਬੜੀ ਸੁੰਦਰ ਸੁਗੰਧੀ ਦਿਖਾਈ ਦੇ ਰਹੀ ਹੈ ਵਿਖ ਨੂੰ ਅੰਮ੍ਰਿਤ ਦੇ ਨਾਲ ਮਿਲਾਯਾ ਹੈ ਏਹ ਖੇਲ ਮਾਇਆ ਕੇ ਸਰੂਪ ਬ੍ਰਹਮ ਨੇ ਬਣਾਯਾ ਹੈ ਕੁਛ ਜਾਣਿਆ ਨਹੀਂ ਜਾਂਦਾ ਕਿ ਏਹ ਜੋ ਸੰਸਾਰ ਹੈ ਅੰਮ੍ਰਿਤ ਕਾ ਰੂਪ ਹੈ ਯਾ ਇਕ ਬਿਖ ਦੀ ਬਗੀਚੀ ਬ੍ਰਹਮਾ ਨੇ ਬਣਾਈ ਹੈ ॥ ੭੩ ॥

**ਦੋਹਰਾ ॥ ਹੈ ਜਗ ਦੁਖ ਕੀ ਖਾਨਹੀ ਪੁੰਨ ਕਰੈ ਨਰ ਜੋਇ ॥ ਬ੍ਰਹਮ ਰੂਪ ਸੁਖ ਵਿਖੇ ਮੈ ਹੇਰਤ ਹੈ ਜਨ ਸੋਇ ॥ ੭੪ ॥**

ਟੀਕਾ–ਏਹ ਸੰਸਾਰ ਦੁਖਾਂ ਦੀ ਖਾਣ ਉਸ ਜਗਾਂ ਨੂੰ ਕਹਿੰਦੇ ਹਨ ਜਿਸ ਜਗਾ ਤੋਂ ਬਹੁਤ ਹੀਰੇ ਮੋਤੀ ਆਦਿਕ ਨਿਕਲਦੇ ਹਨ ਭਾਵ ਸਭ ਚੀਜ਼ ਜਿਸ ਤੋਂ ਬਹੁਤ ਨਿਕਲੇ ਸੋ ਖਾਣ ਹੈ ਜੋ ਇਸ ਸੰਸਾਰ ਵਿਚ ਪੁੰਨ ਕਰਦਾ ਹੈ ਆਦਮੀ ਓਹ ਬ੍ਰਹਮ ਸਰੂਪ ਜੋ ਸਦੀਵ ਸੁਖ ਹੈ ਕੂਸਦੇ ਵਿਚ ਉਸਨੂੰ ਦੇਖੀਦਾ ਹੈ ॥ ੭੪ ॥

**ਦੋਹਰਾ ॥ ਮਾਨਵ ਦੇਹੀ ਪਾਇਕਰ ਭਾਰਥ ਖੰਡ ਸੁ ਜਾਇ। ਪੁੰਨ ਕਰੈ ਨਹਿ ਜਗਤ ਮੈ ਪਸ਼ੂ ਨ ਤਾ ਸਮ ਕੋਇ ॥ ੭੫ ॥**

ਟੀਕਾ–ਮਨੁਖਾ ਦੇਹ ਧਾਰ ਕਰ ਇਸ ਸੰਸਾਰ ਉਤੇ ਜੋ ਹਮਾਰਾ ਮਦਰ ਦੇਸ਼ ਹੈ ਇਸ ਪਰ ਜੋ ਨਾ ਪੁੰਨ ਕਰੇ ਆ ਕਰਕੇ ਸੋ ਆਦਮੀ ਪਸ਼ੂ ਕੇ ਬਰਾਬਰ ਹੈ ਭਾਵ ਪਸ਼ੂ ਵੀ ਓਸ ਨਾਲੋਂ ਅਛੇ ਹਨ ਕਿਉਂਕਿ ਜੋ ਕਦੀ ਕਦੀ ਪਸ਼ੂ ਵੀ ਓਸ ਈਸ਼੍ਵਰ ਕੋ ਯਾਦ ਕਰਦਾ ਹੈ ॥ ੭੫ ॥

Sri Satguru Jagjit Singh Ji Elibrary NamdhariElibrary@gmail.com

**ਸਵੈਯਾ॥ ਸੁ ਵਿਡੂਰਯ ਕੀ ਪਿਠਰੀ ਖਲ ਕੋ ਗਹਿ ਚੰਦਨ ਈਂਧਨ ਸਾਥ ਪਕਾਵੈ। ਸੁਭ ਹਾਟਕ ਲਾਗਲ ਅੱਗ੍ਰ ਧਰੇ ਜੜ ਭੂਮਿ ਖਨੈ ਦ੍ਰਿੜ ਆਕ ਜਮਾਵੈ। ਖਲ ਛੇਦ ਕਪੂਰਨ ਖੰਡ ਕਰੇ ਪੁਨ ਵਾਯਸਕੇ ਕੁਲ ਪੂਜ ਜਿਵਾਵੈ। ਤਿਮਹੀ ਯਹਿ ਭਾਰਥ ਖੰਡ ਲਹੇ ਨਿਰਬੁਧਿ ਕਹਾਂ ਨਰ ਪੁੰਨ ਕਮਾਵੈ॥ ੭੬॥**

ਕਿਸੀ ਮੂਰਖ ਨੂੰ ਧਰਤੀ ਪੁਟਦਿਆਂ ਪੁਟਦਿਆਂ (ਪਿਠਰੀ) ਤੌੜੀ ਵਾ ਦੇਜਕੀ ਲਭ ਪਈ ਪ੍ਰੰਤੂ ਓਹ ਕੈਸੀ ਸੀ (ਵਡੂਰਯ) ਮਣੀਆਂ ਦੀ ਜੜਤ ਕੀਤੀ ਹੋਈ ਸੀ ਉਸ ਦੇਜਕੀ ਨੂੰ ਚੁਲ੍ਹੇ ਉੱਤੇ ਚਾੜ੍ਹ ਦਿੱਤਾ ਵਿਚ ਕੀ ਪਾਯਾ ਜੋ (ਖਲ) ਡੰਗਰਾਂ ਨੂੰ ਚਾਰੀਦੀ ਹੈ ਉਸ ਦੇ ਰਿੰਨ੍ਹਣ ਵਾਸਤੇ ਹੇਠਾਂ ਲਕੜੀਆਂ ਦੀ ਜਗਾ ਚੰਦਨ ਨੂੰ ਬਾਲਣ ਲਗਾ ਕਿ ਖਲ ਪਕ ਜਾਵੇ ਫਿਰ ਹੋਰ ਬੜਾ ਅੱਛਾ ਜੰਬੂ ਨਦ ਦਾ ਸੋਨਾ ਮਿਲਿਆ (ਲਾਂਗਲ) ਹਲ ਦੇ ਅਗੇ ਫਾਲਾ ਬਣਾਇ ਕੇ ਧਰ ਲਿਆ ਸੋ ਫਿਰ ਮੂਰਖ ਧਰਤੀ ਨੂੰ ਪੁਟਣ ਲਗਾ ਪ੍ਰੰਤੂ ਓਥੇ ਅਕਾਂ ਦੇ ਬੂਟੇ ਬੀਜਣ ਵਾਸਤੇ ਫਿਰ ਮੂਰਖ ਵਿੰਨ ਕਰਕੇ ਕਪੂਰ ਦੇ ਮਣਕਿਆਂ ਨੂੰ ਟੁਕੜੇ ਟੁਕੜ ਕਰ ਰਿਹਾ ਹੈ ਫਿਰ ਪੂਜਣਾ ਤੇ ਸੰਤਾਂ ਨੂੰ ਸੀ ਭੋਜਨ ਛਕਾ ਕੇ ਮੂਰਖ ਕਾਵਾਂ ਦੇ ਕੁਲਾਂ ਨੂੰ ਪੂਜ ਕੇ ਭੋਜਨ ਛਕਾਂਵਦਾ ਹੈ ਤਿਸ ਪ੍ਰਕਾਰ ਇਸ ਭਾਰਥ ਖੰਡ ਵਿਚ ਜਨਮ ਧਾਰ ਕਰ ਮੂਰਖ ਬਿਨਾਂ ਬੁਧੀ ਤੋਂ ਕਿਸ ਤਰ੍ਹਾਂ ਪੁੰਨ ਕਰੇ ਮੂਰਖ ਨਰ ਮਣੀ ਦੇ ਸਮਾਨ ਦੇਹ ਸੀ ਖੋਟੇ ਕਰਮ ਕਰਨ ਕਰ ਧਰਤੀ ਪੁਟੀ ਵਿਸ਼ੇ ਵਿਕਾਰ ਅਕ ਰਿਦੇ ਵਿਚ ਧਾਰੇ ਸਹਕਾਮ ਕਰਮ ਕਪੂਰ ਨਾ ਕਰਿਆ (ਕਾਕ) ਸਰਵਰ ਆਦਿਕ ਪੂਜੇ, ਦੈਵੀ ਸੰਪਦਾ ਚੰਦਨ ਬਾਲਿਆਂ ॥ ੭੬ ॥

**ਸਵੈਯਾ। ਊਖਰ ਦੇਸ ਕੁ ਨੀਰ ਪਿਵੇ ਪੁਨ ਮੂੜ ਸੁਧਾ ਰਸ ਸੋਂ ਪਗ ਧੋਵੈ। ਕੋਦਹਿ ਕਾਂਗ ਉਡਾਵਨ ਕੇ ਹਿਤ ਡਾਰ ਮਹਾਂ ਮਣਿ ਮੂੜ ਵਿਗੋਵੈ। ਕਾਟਕੇ ਚੰਦਨ ਕੇ ਬਿਰਵਾ ਦ੍ਰਿੜ ਬਾੜ ਬੰਬੂਲ ਕਰੇ ਜੜ ਸੋਵੈ। ਮੂਰਖ ਯਾ ਤਨ ਪਾਲਣ ਕੇ ਹਿਤ ਧਰਮ ਤਥਾ ਜਗ ਭੀਤਰ ਖੋਵੈ॥ ੭੭॥**

ਟੀਕਾ—ਫਿਰ ਮੂਰਖ ਕਲਰੀ ਧਰਤੀ ਕਾ ਜਲ ਪੀਂਦਾ ਹੈ ਫਿਰ ਮੂਰਖ ਅੰਮ੍ਰਿਤ ਦੇ ਨਾਲ ਪੈਰ ਧੋਂਵਦਾ ਹੈ (ਕੋਦਹਿ) ਖੇਤ ਦੇ ਕਾਂ ਓਡਾਵਣ ਵਾਸਤੇ ਸੁਟਦਾ ਹੈ ਅਤੇ ਘੁਮਾਣੀ ਵਿਚ ਪਾ ਕਰਕੇ ਮਣੀਆਂ ਰੋਤਿਆਂ ਦੀ ਜਗ੍ਹਾ ਮੂਰਖ ਗਵਾ ਰਿਹਾ ਹੈ ਕਟ ਕੇ ਚੰਦਨ ਦੇ ਬੂਟੇ ਤੇ ਓਸ ਜਗ੍ਹੇ ਦ੍ਰਿੜ ਕਰਾਵੇ ਭਾਵ ਜਖਾਵੇ ਤੇ ਵਾੜ

ਕਰੇ ਜਿਸ ਜਗ੍ਹਾ ਕਿੱਕਰਾਂ ਬੀਜੀਆਂ ਹਨ ਇਸ ਪ੍ਰਕਾਰ ਮੂਰਖ ਕਰਦਾ ਹੈ ਇਸ ਸਰੀਰ ਦੇ ਪਾਲਣ ਵਾਸਤੇ ਮੂਰਖ ਨੂੰ ਨਾਸ ਕਰ ਰਿਹਾ ਜਗਤ ਦੇ ਵਿਚ ਭਾਵ ਇਸ ਸੰਸਾਰ ਵਿਚ ਬ੍ਰਹਮਾ ਨੰਦ ਕੋ ਦੂਰ ਕਰ ਰਿਹਾ ਹੈ ਵਿਸ਼ੇ ਵਿਕਾਰ ਖੇਤ ਦੇ ਵਾਸਤੇ ਦੇਹ ਨੂੰ ਨਾਸ ਕਰ ਰਿਹਾ ਹੈ ਚੰਦਨ ਕਾ ਬੂਟਾ ਭਗਤੀ ਕਿੱਕਰਾਂ, ਭੂਤਨੇ ਆਦਿਕਾਂ ਦੀਆਂ ਸੇਵਾ ਕਰਨੀਆਂ ਤੇ ਜਨਮ ਗਵਾਵਣਾ ॥ ੭੭ ॥

**ਸ੍ਵੈਯਾ॥ ਵਿਪਨੇਸੁ ਰਣੈ ਭਵ ਸਤ੍ਰ ਜਿਨੇ ਜਲ ਔ ਪੁਨ ਮੰਦਰ ਆਗ ਲਗਾਏ। ਬਡ ਸਾਗਰ ਭੂਧਰ ਕੇ ਸਿਖ ਰੇ ਸੁ ਭਆਨਕ ਸਿੰਘ ਕੈ ਸਾਮੁਹਿ ਆਏ। ਪਦ ਭੂਲ ਭੁਜੰਗਮ ਦੇਹ ਛੁਟੇ ਜਨਨੀ ਜਠਰੰਤਰ ਆਇ ਸਮਾਏ। ਨਰ ਔਰ ਨ ਰੱਖਕ ਹੋਇ ਜਹਾਂ ਤਹ ਰੱਖਕ ਪੂਰਬ ਪੁੰਨ ਕਮਾਏ॥ ੭੮॥**

ਟੀਕਾ—ਬਣ ਦੇ ਵਿਚ ਜੋ ਰਣ ਭੂਮਿਕਾ ਵਿਚ ਸੰਸਾਰ ਵਿਚ ਸ਼ਤ੍ਰੂ ਦੇ ਜਿੱਤਣ ਵਿਚ ਪਾਣੀ ਵਿਚ ਘਰ ਨੂੰ ਅੱਗ ਲਗ ਜਾਵੇ ਤਾਂ ਕਿਸੀ ਤਰਾਂ ਸਮੁੰਦਰ ਵਿਚ ਡੁਬ ਜਾਵੇ ਤਾਂ ਪਹਾੜ ਦੀ ਚੋਟੀ ਤੋਂ ਢਿਗ ਪਵੇ ਤਾਂ ਬੜੇ ਭੈ ਡਾਇਕ ਸ਼ੇਰ ਦੇ ਸਾਹਮਣੇ ਚਲਾ ਜਾਵੇ ਤਾਂ ਘਾ ਆ ਜਾਵੇ ਕਿਸੀ ਪ੍ਰਕਾਰ ਭੁਲ ਕਰਕੇ ਵੀ ਸਰਪ ਉਤੇ ਪੈਰ ਆਂ ਜਾਵੇ ਤਾਕਿ ਸਰੀਰ ਨੂੰ ਛੁਹ ਜਾਵੇ ਫਿਰ ਮਾਤਾ ਦੇ ਪੇਟ ਦੀ ਅਗਨੀ ਵਿਚ ਜਦ ਆ ਕਰਦੇ ਬਾਲਕ ਜਨਮ ਧਾਰਦਾ ਹੈ ਇਤਿਆਦਿਕ ਜਗ੍ਹਾ ਸਾਰੀਆਂ ਵਿਚ ਆਦਮੀ ਦਾ ਜਿਥੇ ਕਿਤੇ ਕੋਈ ਨਾ ਸਹਾਈ ਹੋਵੇ ਤਾਂ ਸਹਾਇਤਾ ਕਰਨ ਵਾਲੇ ਪੂਰਬਲੇ ਪੁੰਨ ਕੀਤੇ ਹੋਏ ਹੁੰਦੇ ਹਨ ॥ ੭੮ ॥

**ਸ੍ਵੈਯਾ॥ ਆਪਦ ਧੈਰਯ ਕੋ ਪਕਰੇ ਅਰ ਸੰਪਦ ਮੈ ਸੁਖਿਮਾ ਉਰ ਮਾਹੀ॥ ਪੁੰਨ ਨਿਸੰਗ ਕਰੇ ਨ ਡਰੇ ਪੁਨ ਪਾਪਨ ਤੇ ਸੁ ਡਰੈ ਉਰ ਮਾਹੀ॥ ਸੰਘਰ ਮਾਹਿ ਕਰੈ ਭੁਜ ਕੋ ਬਲ ਪ੍ਰਾਣ ਤਜੈ ਰੁਚਿ ਹੈ ਜਸ ਮਾਹੀ॥ ਮਾਨਵ ਮਾਹਿੰ ਮਹਾਤਮ ਕੇ ਬ੍ਰਤ ਧੰਨ ਵਹੀ ਜਿ ਧਰੇ ਜਗ ਮਾਹੀ॥ ੭੯॥**

ਟੀਕਾ—ਜਬ ਬਿਪਤਾ ਕਿਸੀ ਆਦਮੀ ਕੋ ਗ੍ਰਹਿਣ ਕਰ ਲਵੇ ਤਾਂ ਧੀਰਜ ਰਖੇ ਪੁੰਨ ਜਬ ਘਰ ਵਿਚ ਬੜੀ ਸੰਪਤਿ ਹੋਵੇ ਤਾਂ ਰਿਦੇ ਵਿਚ ਖਿਮਾ ਰਖੇ ਫਿਰ ਪੁੰਨਾ ਨੂੰ ਨਿਸੰਗ ਕਰੇ ਡਰੇ ਨਾ ਮਨ ਵਿਚ, ਡਰੇ ਕਿਸ ਪਾਸੋਂ ਪਾਪਾਂ ਪਾਸੋਂ ਡਰੇ ਰਿਦੇ ਵਿਚ ਅਤੇ ਜੁਧ ਭੂਮਿਕਾ ਵਿਚ ਆਪਣੀਆਂ ਬਾਹਵਾਂ ਦਾ ਬਲ ਦਿਖਾਵੇ ਪ੍ਰਾਣ ਬੇਸ਼ਕ ਤਜ ਦੇਵੇ ਜਸ ਤੇ ਪ੍ਰੀਤ ਨਾਲ ਪ੍ਰੰਤੂ ਪੈਰ ਪਿਛੇ ਨਾ ਕਰੇ ਕਿ ਮੈ

ਦੌੜ ਚੱਲਾਂ ਮਨੁੱਖਾ ਦੇਹ ਧਾਰ ਕਰ ਮਹਾਤਮਾ ਸੂਰਮਿਆਂ ਵਾਲੇ ਕਰਮ ਕਰੇ ਐਸਾਂ ਬ੍ਰਤ ਧਾਰੇ ਭਾਈ ਜੀ ਕਹਿੰਦੇ ਹਨ ਕਿ ਓਹ ਪੁਰਸ਼ ਧੰਨ ਹੈਨ ਜੋ ਐਸੇ ਬ੍ਰਤ ਕੋ ਧਾਰਦੇ ਹਨ ਜਗਤ ਦੇ ਵਿਚ ॥ ੭੯ ॥

**ਸ੍ਵੈਯਾ॥ ਪ੍ਰੀਤਿ ਕਰੇ ਹਰਿ ਕੇ ਯਸ ਸੌਂ ਗੁਨ ਗੋਬਿੰਦ ਕੇ ਸੁ ਭਨੇ ਸੁਖ ਮਾਹੀਂ ॥ ਹਾਥਨ ਤੇ ਪੁੰਨ ਦਾਨ ਕਰੇ ਪੁਨ ਸੀਸ ਧਰੇ ਗੁਰ ਕੇ ਪਦ ਮਾਹੀਂ॥ ਦੇਹ ਸਨੇਹ ਨ ਭੂਲ ਕਰੇ ਅਰੁ ਸਾਧ ਸਨੇਹ ਸਦਾ ਨਿਰਬਾਹੀਂ॥ ਮਾਨਵ ਮਾਹਿ ਮਹਾਤਮ ਕੇ ਬ੍ਰਤ ਧੰਨ ਥਹੀ ਜਿ ਧਰੇ ਜਗ ਮਾਹੀਂ॥ ੮੦ ॥**

ਟੀਕਾ—ਫਿਰ ਪ੍ਰੀਤੀ ਕਰੇ ਅਕਾਲ ਪੁਰਖ ਦੇ ਜਸ ਨਾਲ ਭਾਵ ਈਸ਼ਵਰ ਕਾ ਜਸ ਉਚਾਰਨ ਕਰੇ ਫਿਰ ਈਸ਼ਵਰ ਦੇ ਗੁਨਾਵਾਦ ਮੁਖੋਂ ਉਚਾਰਨ ਕਰੇ ਫਿਰ ਕੁਛ ਹਥਾਂ ਨਾਲ ਪੁੰਨ ਦਾਨ ਵੀ ਕਰੇ ਫਿਰ ਆਪਣਾ ਸਿਰ ਗੁਰੂ ਕੇ ਚਰਨਾਂ ਉਤੇ ਧਰੇ; ਸਰੀਰ ਨਾਲ ਪਰੇਮ ਭੁਲ ਕੇ ਵੀ ਨਾ ਕਰੇ ਭਾਵ ਜੈਸੇ ਮਹਾਤਮਾਂ ਨੇ ਆਪਣੇ ਅੰਗ ਅੰਗ ਕਟਾ ਦਿਤੇ ਹਨ ਪਰੰਤੂ ਸੀ ਨਹੀਂ ਕੀਤੀ ਪੁਨਾ ਸੰਤਾਂ ਮਹਾਤਮਾਂ ਨਾਲ ਪਰੇਮ ਇਤਨਾ ਕਰੇ ਕਿ ਕਦੀ ਵੀ ਛਡੇ ਨਾ ਤੋੜ ਨਿਬਾਹਨਾ ਕਰੇ, ਮਨੁੱਖ ਵਿਚ ਸੰਤਾਂ ਦੇ ਬ੍ਰਤ ਹੋਵਣ ਓਹ ਪੁਰਸ਼ ਧੰਨ ਹੈਂ ਇਸ ਜਗਤ ਵਿਚ ॥ ੮੦ ॥

**ਸ੍ਵੈਯਾ॥ ਸੇਸ ਧਰੇ ਧਰਣੀ ਸਿਰ ਮੈਂ ਅਰ ਸੂਰ ਫਿਰੇਂ ਸੁ ਸਦਾ ਨਭ ਮਾਹੀਂ॥ ਧਾਰ ਗਦਾ ਅਬਲੌ ਹਰਿ ਜੀ ਬਲ ਦਵਾਰ ਰਹੇ ਸੁ ਪਤਾਲ ਕਿ ਮਾਹੀਂ। ਘੋਰ ਹਲਾਹਲ ਲੋਕ ਜਰੇ ਦਿਢ ਸ਼ੰਕਰ ਨੀਰ ਧਰੇ ਗਰ ਮਾਹੀਂ॥ ਪ੍ਰਾਣ ਸਮਾਨ ਧਰੇ ਬ੍ਰਤ ਕੋ ਦੁਖ ਭੂਰ ਭਏ ਬ੍ਰਤ ਡਾਰਤ ਨਾਹੀਂ ॥ ੮੧ ॥**

ਟੀਕਾ—ਅਬ ਇਕ ਪ੍ਰਣ ਕੀ ਬਾਤ ਭਾਈ ਜੀ ਕਹਿੰਦੇ ਹਨ ਕਿ ਜੋ ਮਹਾਤਮਾਂ ਹੁੰਦੇ ਹਨ ਸੋ ਸਿਰ ਵੀ ਚਲਾ ਜਾਵੇ ਤਾਂ ਵੀ ਆਪਣਾਂ ਪ੍ਰਣ ਛਡ ਦੇ ਨਹੀਂ ਕਿ ਸ਼ੇਸ਼ ਨਾਗ ਨੇ ਵੀ ਚੁਕੀ ਹੋਈ ਹੈ ਧਰਤੀ ਸਿਰ ਉਤੇ ਅਤੇ ਏਹ ਨਹੀਂ ਕਹਿੰਦਾ ਕਿ ਮੈਨੂੰ ਭਾਰ ਲਗਾ ਹੈ ਫਿਰ ਸੂਰਜ ਈਸ਼ਵਰ ਕੇ ਹੁਕਮ ਨਾਲ ਸਦਾ ਹੀ ਅਕਾਸ਼ ਵਿਚ ਫਿਰਦਾ ਰਿਹਾ ਹੈ ਇਹ ਨਹੀਂ ਕਹਿੰਦਾ ਕਿ ਮੈਂ ਥਕ ਗਿਆ ਹਾਂ ਫਿਰ ਦੇਖੋ ਬੜੀ ਮੁਸ਼ਕਲ ਬਾਤ ਜੋ ਕੋਈ ਨਾ ਕਰ ਸਕੇ ਕਿ ਅਜੇ ਤਾਈਂ ਅਕਾਲ ਪੁਰਖ ਹਥ ਵਿਚ ਗਦਾ ਪਕੜ ਕੇ ਬਲ ਰਾਜਾ ਕੇ ਦਰਵਾਜ਼ੇ ਅਗੇ ਚੌਕੀਦਾਰ ਦਾ ਕੰਮ ਦੇ ਰਹੇ ਹਨ ਪਤਾਲ ਦੇ ਵਿਚ ਏਹ ਨਹੀਂ ਆਖਦਾ ਕਿ ਅਸੀਂ ਅਬ ਅਕ ਗਏ ਹਾਂ ਕੋਈ ਹੋਰ ਚੌਕੀਦਾਰ

Sri Satguru Jagjit Singh Ji Elibrary NamdhariElibrary@gmail.com

ਰਖ ਲਏ ਕਿਕੂੰ ਕਹਿਨ ਜਬ ਜਬਾਨ ਜੋ ਕਰ ਚੁਕੇ ਫਿਰ ਦੇਖੋ ਬੜੀ ਕਠਨ ਬਾਤ ਕਿ ਜਦ ਸਮੁੰਦਰ ਵਿਚ ਵਿਖ ਨਿਕਲਤਾਂ ਹੈ ਕੋਈ ਨਾ ਧਾਰਨ ਕਰੇ ਸਭ ਪਿਛਾਂ ਹਟ ਗਏ ਓਹ ਸ਼ਿਵ ਜੀ ਨੇ ਭੈਆਨਕ ਵਿਖ ਗਲੇ ਵਿਚ ਧਾਰਨੀ ਕੀਤੀ ਮਸਾਂ ਮਸਾਂ ਪ੍ਰੰਤੂ ਤਯਾਗ ਦੇ ਨਹੀਂ ਪ੍ਰਣ ਐਸਾ ਹੈ। ਕੈਸੀ ਹੈ ਵਿਖ ਭੈਆਨਕ ਜਿਸ ਦੇ ਰਤਾ ਕੁ ਖਾਣ ਨਾਲ ਲੋਕ ਜਲਨ ਲਗ ਪੈਂਦੇ ਹਨ ਓਸ ਸ਼ਿਵ ਨੇ ਦ੍ਰਿੜ ਕਰੀ ਹੈ ਏ ਸਭ ਪ੍ਰਾਣਾਂ ਦੇ ਬਰਾਬਰ ਬ੍ਰਤ ਕੋ ਧਾਰ ਰਹੇ ਹਨ ਏਹਨਾਂ ਨੂੰ ਬੜਾ ਦੁਖ ਹੋ ਰਿਹਾ ਹੈ ਪ੍ਰੰਤੂ ਏ ਪ੍ਰਣ ਆਪਣਾ ਛਡ ਦੇ ਨਹੀਂ ਹਨ।

ਇਸ ਸਵੈਯੇ ਦੀ ਤਰਹ ਹਿਰਦਾ ਰਾਮ ਜੀ ਨੇ.ਵੀ ਰਾਵਣ ਭਭੀਖਨ ਦੇ ਸੰਥਾਦ ਵਿਚ ਕਿਹਾ ਹੈ।

**॥ ਸਵੈਯਾ ॥**

ਸਿੰਧ ਗਹੈ ਬੜਵਾਨਲ ਕੋ, ਜਰ ਛਾਰ ਭਯੋ ਨਹਿ ਛਾਡ ਦਯੋ ਹੈ ॥
ਸੇਖ ਅਸੇਖ ਧਰੀ ਬਸੁਧਾ, ਫਿਰ ਯੌ ਨ ਕਹਯੋ ਸਿਰ ਭਾਰ ਭਯੋ ਹੈ ॥
ਕੰਠ ਹਲਾਹਲ ਹੈ ਸ਼ਿਵ ਕੈ, ਤਬ ਹੂੰ ਸਤਿ ਮੈਂ ਮ੍ਰਿਗ ਅੰਕ ਛਯੋ ਹੈ ॥
ਏਗੇ ਜਬ ਯੋ ਪ੍ਰਣ ਕੋ ਨਿਬਹੈ ਤਬ ਰਾਵਣ ਕੋ ਬਲ ਟੂਟ ਗਯੋ ਹੈ ॥ ੯੧ ॥

**ਸਵੈਯਾ ॥ ਬਿਨ ਨਾਉਂ ਗਏ ਯਮ ਕੇ ਪੁਰ ਕੋ ਜਗ ਭੋਗਨ ਕੀ ਜਿਨ ਗੈਲ ਲਈ ॥ ਹਰਿ ਕੇ ਪੁਨ ਪੰਥ ਚਲੇ ਨਰੁ ਜੇ ਉਰ ਭੋਗਨ ਕੋ ਚਢ ਪੀਠ ਦਈ। ਤਿੰਨ ਕੇ ਯਸ ਸੋ ਸਭ ਭੂਮਿ ਭਰੀ ਅਬ ਲੌ ਤਿਹ ਨਾਮ ਕਥਾ ਸੁਨਈ ॥ ਮਨ ਰੇ ਹਰਿ ਕੇ ਅਬ ਪੰਥ ਚਲੋ ਜਗ ਪਾਛਲ ਆਵ ਗਈ ਸੁ ਗਈ ॥ ੯੨ ॥**

ਟੀਕਾ—ਜਿਹਨਾਂ ਨੇ ਅਕਾਲ ਪੁਰਖ ਕਾ ਨਾਮ ਨਹੀਂ ਜਪਿਆ ਓਹ ਗਏ ਹੈਂ ਧਰਮਰਾਜਾ ਕੀ ਪੁਰੀ ਵਲ, ਜਿਹਨਾਂ ਨੇ ਭੋਗਾਂ ਦਾ ਰਸਤਾ ਪਕੜਿਆਂ ਹੈ ਭਾਵ ਰਾਤ ਦਿਨੇ ਭੋਗਾਂ ਵਿਚ ਹੀ ਲਪਟ ਰਹੇ ਹਨ ਜੇਹੜੇ ਅਕਾਲ ਪੁਰਖ ਦੇ ਰਸਤੇ ਚਲੇ ਹਨ ਪੁਰਸ਼ ਅਤੇ ਰਿਦੇ ਵਿਚੋਂ ਭੋਗਾਂ ਨੂੰ ਪਿਠ ਦਿਤੀ ਹੈ ਭਾਵ ਭੋਗਾਂ ਨੂੰ ਤਿਆਗ ਦਿਤਾ ਅਤੇ ਅਕਾਲ ਪੁਰਖ ਦਾ ਨਾਮ ਜਪਿਆ, ਜਿਹਨਾਂ ਦੇ ਜਸ ਨਾਲ ਸਾਰੀ ਧਰਧੀ ਭਰੀ ਹੋਈ ਹੈ ਅਜੇ ਤਕ ਤਿਨਾਂ ਕੀ ਨਾਮ ਦੀ ਕਥਾ ਸੁਣੀ ਦੀ ਹੈ ਵ ਨਵੀਨ ਤੇ ਨਵੀਨ ਹੈਗੀ ਹੈ ਕਥਾ ਇਸ ਵਾਸਤੇ ਹੇ ਮਨ ਤੂੰ ਵੀ ਅਕਾਲ ਪੁਰਖ ਦੇ ਰਸਤੇ ਚਲ ਅਤੇ ਜੋ ਪਿਛੇ ਭੋਗਾਂ ਵਿਚ ਉਮਰ ਵ ਸਵਾਸ ਜੋ ਬਤੀਤ ਹੋ ਗਏ ਹਨ ਸੋ ਜਾਣਦੇ ਅਫਸੋਸ ਨਾ ਕਰ ਅਗੇ ਹੁਣ ਤੂੰ ਆਪਣੇ ਆਪ ਕੋ ਸੁਧਾਰ ਲੈ ॥ ੯੨ ॥

Sri Satguru Jagjit Singh Ji Elibrary NamdhariElibrary@gmail.com

ਸ੍ਵੈਯਾ॥ ਰਿਖਿ ਨਾਰਿ ਤਰੀ ਕਪਿ ਰੀਛ ਤਰੇ ਸੁ ਲੰਗੂਰ ਤਰੇ ਜਿਹ ਨਾਮ ਉਚਾਰੇ॥ ਬਨ ਭੀਲ ਸੁਤਾ ਜਿਹਿ ਨਾਮ ਤਰੀ ਸੁ ਜਟਾਯੁ ਵਿਹੰਗਮ ਜਾਹਿ ਸੁ ਪਾਰੇ। ਅਬ ਚੇਤਨ ਬਾਤ ਕਹਾਂ ਕਹੀਏ ਜੜ ਭੂਧਰ ਨਾਮ ਤਰੈਂ ਨਿਧਿ ਖਾਰੇ। ਅਬ ਔਸਰ ਰਾਮ ਭਜੋ ਮਨ ਰੇ ਦੁਖ ਮੇਟ ਤਰੋ ਭਵ ਸਾਗਰ ਪਾਰੇ॥ ੯੩॥

ਟੀਕਾ—ਜਿਸ ਨਾਮ ਦੇ ਉਚਾਰਨ ਕਰਕੇ ਗੋਤਮ ਰਿਖੀ ਕੀ ਇਸਤਰੀ ਤਰ ਗਈ ਅਤੇ ਹੋਰ ਬਾਨਰ ਹਨੂਮਾਨ ਜਾਮਾਵੰਤ ਲੰਗੂਰ ਇਤਯਾਦ ਸਭ ਤਰ ਗਏ ਜਿਵੇਂ ਭੀਲਨੀ ਜਟਾਊ ਪੰਛੀ ਜਿਸ ਨੇ ਉਧਾਰੇ ਅਬ ਚੇਤਨਾ ਕੀ ਬਾਤ ਕਿਆ ਆਖੀਐ ਜੜ ਜੋ ਪਥਰ ਵਤ ਹੈ ਸੀ ਸੋ ਤਰ ਗਏ ਖਾਰੇ ਸਮੁੰਦਰ ਉਤੋਂ ਅਬ ਵਕਤ ਹੈ ਪਰਮੇਸਰ ਕ ਨਾਮ ਲੇਣ ਕਾ ਦੁਖ ਕੋ ਦੂਰ ਕਰਕੇ ਇਸ ਸੰਸਾਰ ਤੋਂ ਪਾਰ ਹੋ ਜਾਵੇ ਜਿਸ ਪਰਕਾਰ ਏਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਾਰ ਕੀਤੇ ਹਨ।

॥ ਕਬਿੱਤ ॥

ਠਗ ਤਾਰੇ ਚੋਰ ਤਾਰੇ ਸਾਧ ਤਾਰੇ ਸੰਤ ਤਾਰੇ ਬਗਤਾਰੇ ਨਾਗ ਤਾਰੇ ਤਾਰੇ ਤਾਰੇ ਤਾਰੇ ਹੈ।
ਪੀਰ ਤਾਰੇ ਗੁਰੂ ਤਾਰੇ ਡਰ ਤਾਰੇ ਖਰ ਤਾਰੇ ਪਾਪੀ ਤਾਰੇ ਪਸੂਤਾਰੇ ਰੱਛਕ ਉਧਾਰੇ ਹੈ।
ਕਾਜੀ ਤਾਰੇ ਮੁਲਾਂ ਤਾਰੇ ਔਲੀਯੇ ਫਕੀਰ ਤਾਰੇ ਮੱਛਤਾਰੇ ਕੱਛਤਾਰੇ ਲੱਛਨ ਬਿਚਾਰੇ ਹੈ।
ਪੂਰਨ ਬਿਸ਼ਨ ਸਿੰਘ ਯੁਗਨ ਯੁਗਨ ਗੁਰੂ ਨਾਨਕ ਸਮਾਨ ਗੁਰੂ ਨਾਨਕ ਨਿਹਾਰੇ ਹੈ।

॥ ਕਬਿੱਤ ॥

ਦੇਵ ਤਾਰੇ ਦੈਂਦ ਤਾਰੇ ਮੂਢ ਤਾਰੇ ਸੁਧ ਤਾਰੇ ਚਰਾ ਚਰ ਤਾਰੇ ਅਬ ਨਰਕ ਨਿਵਾਰੇ ਹੈ,
ਅੱਗ ਤਾਰੇ ਖੱਗ ਤਾਰੇ ਸੱਗ ਤਾਰੇ ਠੱਗ ਤਾਰੇ ਮੱਗ ਤਾਰੇ ਬੱਗ ਤਾਰੇ ਜਗ ਬਿਸਤਾਰੇ ਹੈ,
ਨਰ ਤਾਰੇ ਨਾਰਿ ਤਾਰੇ ਬਾਲਤਾਰੇ ਜਾਨ ਤਾਰੇ ਬ੍ਰਿਧ ਤਾਰੇ ਰੋਗੀ ਤਾਰੇ ਗੰਜੇ ਵੀ ਉਧਾਰੇ ਹੈ,
ਪੂਰਨ ਬਿਸ਼ਨ ਸਿੰਘ ਯੁਗਨ ਯੁਗਨ ਗੁਰੂ ਨਾਨਕ ਸਮਾਨ ਗੁਰੂ ਨਾਨਕ ਨਿਹਾਰੇ ਹੈ॥ ੯੩॥

ਸ੍ਵੈਯਾ॥ ਭਵਹਾਰਿਕ ਕੋ ਚਿਤਨੇਮ ਕਹੈ ਯਮਹੀ ਭਵਹਾਰਿਕ ਔਰ ਬਖਾਨੇ। ਇਕ ਤਿਆਗ ਕਹੇਂ ਇਕ ਦਾਨ ਕਹੇਂ ਇਕ ਯੋਗ ਸੁ ਸਾਧਨ ਕੈ ਉਰ ਠਾਂਨੇ। ਜਗ ਏਕ ਕਹੇਂ ਤਪਸਾ ਵਰ ਸਾਧਨ ਤੀਰਥ ਵਾਸ ਸੁ ਏਕ ਪ੍ਰਮਾਨੇ। ਭਵ ਹਾਰਕ ਬ੍ਰਤ ਸੁ ਏਕ ਭਨੇ ਹਮ ਤੋ ਇਕ ਰਾਮਹਿ ਨਾਮ ਪਛਾਨੇ॥ ੯੪॥

ਟੀਕਾ—ਇਸ ਸੰਸਾਰ ਤੋਂ ਮੁਕਤੀ ਕੇ ਕਾਰਨ ਵਾਸਤੇ ਕੋਈ ਕੁਛ ਕਹਿੰਦਾ ਹੈ ਕੋਈ ਕੁਛ ਕਹਿੰਦਾ ਹੈ ਕੋਈ ਇਸ ਸੰਸਾਰ ਦੇ ਛੁਟਨ ਵਾਸਤੇ ਕਹਿੰਦੇ ਹਨ ਕਿ

ਨੇਮ ਹੈ (ਨੇਮ) ਪੰਜ ਤ੍ਰਹ ਦਾ ਹੈ ਸੋਚ ਪਵਿਤ੍ਰਤਾਈ ੧ ਸੰਤੋਖ ਹਰ ਇਕ ਚੀਜ ਵਲੋਂ ਸਿਦਕ ਰਖਣਾ ੨ ਤਪ ਜੋ ਸਰੀਰ ਕੋ ਤਪਾਵਨਾ ਧੂਨੀਆਂ ਨਾਲ ਵ ਤਪਸਯਾ ਕਰਨੀ ੩ ਸਵਧਯਾਨ ੪ ਪ੍ਰਮੇਸਰ ਪਰਧਾਨ ੫, ਕੋਈ ਯਮ ਕਹਿੰਦੇ ਹਨ ਸੰਸਾਰ ਕੇ ਜਨਮ ਮਰਨ ਤੋਂ ਨਿਫਲ ਹੋਵਨਾ ਏਹ ਵੀ ਪੰਜ ਤਰਾਂ ਕਾ ਹੈ—ਅਹਿੰਸਾ ੧, ਸਤਯ ੨, ਅਸਤ ੩, ਅਪਰਗ੍ਰਹ ੪, ਬ੍ਰਹਮਚਰਜ ੫, ਇਕ ਕਹਿੰਦੇ ਹਨ ਜਗਤ ਕਾ ਤਿਆਗ ਹੀ ਚੰਗਾ ਹੈ ਇਕ ਕਹਿੰਦੇ ਹਨ ਕੇ ਦਾਨ ਪੁਨ ਕਰਨਾ ਯੋਗ ਹੈ ਕਈ ਯੋਗ ਸਾਧਨ ਕਰਨਾ ਰਿਦੇ ਵਿਚ ਮੰਨਦੇ ਹਨ ਇਕ ਤਪੱਸਯਾ ਕਰਨੀ ਸਰੇਸ਼ਟ ਸਾਧਨ ਮੰਨਦੇ ਹਨ ਇਕ ਗੰਗਾ ਤੀਰਥ ਕਾ ਰਹਿਣਾ ਮਨਜ਼ੂਰ ਕਰਦੇ ਹਨ ਇਕ ਸੰਸਾਰ ਕੀ ਨਵਿਤਰੀ ਵਾਸਤੇ ਬ੍ਰਤ ਕਹਿੰਦੇ ਹਨ ਭਾਈ ਜੀ ਕਹਿੰਦੇ ਹਨ ਕਿ ਅਸੀਂ ਤਾਂ ਇਕ ਵਾਹਿਗੁਰੂ ਕਾ ਨਾਮ ਉਚਾਰਨਾ ਹੀ ਮੁਖ ਸਮਝਦੇ ਹਾਂ ॥ ੮੪ ॥

**ਦੋਹਰਾ ॥ ਬਾਨਰ ਸੈਲ ਸੁ ਤਾਰਿਓ ਰਘੁਵਰ ਸਾਗਰ ਧਾਰ ।**
**ਤਯੋਂ ਹਮਕੋ ਨਹਿੰ ਤਾਰ ਹੋ ਮਨ ਮੈ ਕੌਨ ਵਿਚਾਰ ॥ ੮੫ ॥**

ਟੀਕਾ—ਬੰਦਰਾਂ ਅਤੇ ਪੱਥਰਾਂ ਨੂੰ ਤਾਰਿਆ ਹੇ ਸ੍ਰੀ ਰਾਮ ਚੰਦਰ ਜੀ ਸਮੁੰਦਰ ਦੀਆਂ ਧਾਰਾਂ ਵਿਚੋਂ ਤੈਸੇ ਤੁਸੀਂ ਸਾਨੂੰ ਨਾ ਤਾਰੋਗੇ ਭਾਵ ਕਿਆ ਤਾਰੋਗੇ । ਸਾਡੇ ਮਨ ਵਿਚ ਕਿਆ ਵਿਚਾਰ ਹੋਈ ਹੈ ਵਾ ਤੁਸੀਂ ਕਿਆ ਸਾਡੇ ਪਾਪਾਂ ਨੂੰ ਮਨ ਵਿਚ ਵਿਚਾਰ ਕੇ ਨਾ ਤਾਰੋਗੇ, ਨਹੀਂ ਜ਼ਰੂਰ ਹੀ ਤਾਰਨਾਂ ॥ ੮੫ ॥

**ਸ੍ਵੈਯਾ ॥ ਸੈਲ ਕਪੀਸਰ ਪਾਰ ਪਰੇ ਇਹੁ ਭਾਂਤ ਸੁਨਯੋ ਹਰਜੀ ਬਲ ਤੋਰਾ । ਹੈ ਮਨ ਚੰਚਲ ਬਾਨਸਰੋਂ ਅਰ ਸੈਲ ਸਮਾਨ ਸੁ ਚੀਤ ਕਠੋਰਾ । ਨਾਹਿ ਕਰੀ ਤਪਸਾ ਤੁਮਰੇ ਬਲ ਔਸਰ ਬੈਨ ਸੁਨੋਂ ਪ੍ਰਭ ਮੋਰਾ । ਨਾਥ ਭਲੇ ਬਲਵਾਨ ਹੁਤੇ ਮਮ ਦਾਸ ਕੀ ਬੇਰ ਭਯੋ ਬਲ ਥੋਰਾ ॥ ੮੬ ॥**

ਟੀਕਾ—ਬੰਦਰ ਪੱਥਰ ਸਮੁੰਦਰ ਤੋਂ ਪਾਰ ਕਰ ਦਿਤੇ ਹੇ ਅਕਾਲ ਪੁਰਖ ਮੈਂ ਤੇਰਾ ਬਲ ਏਸ ਤਰ੍ਹਾਂ ਕਾ ਸੁਣਾਇਆ ਹੈ ਪ੍ਰੰਤੂ ਮੇਰਾ ਮਨ ਬੰਦਰਾਂ ਨਾਲੋਂ ਵੀ ਚੰਚਲ ਹੈ ਪੱਥਰ ਕੇ ਬਰਾਬਰ ਕਿਹੜਾ ਹੈ ਕੋਈ ਤਪੱਸਯਾ ਵੀ ਨਹੀਂ ਕਰੀ ਸਰਵਣ ਮੰਨਨਨਿਧਯਾਸਨ ਨਹੀਂ ਕਰੇ ਤਪੱਸਯਾ ਕੇ ਬਲ ਨਾਲ ਇਹ ਵਕਤ ਇਕ ਗਲ ਮੇਰੀ ਸੁਣੋਂ ਹੇ ਈਸ਼ਵਰ ਤੁਸੀਂ ਹੇ ਪ੍ਰਭੂ ਬੜੇ ਤਕੜੇ ਹੁੰਦੇ ਸੀ ਮੇਰੇ ਦਾਸ ਦੀ ਵਾਰੀ ਤੁਮਾਰਾਂ ਬਲ ਥੋਹੜਾ ਹੋ ਗਿਆ ਹੈ ॥ ੮੬ ॥

Sri Satguru Jagjit Singh Ji Elibrary NamdhariElibrary@gmail.com

## ਹਰੀ ਰਾਮ ਛੰਦ ਰਤਨਾਵਲੀ ਵਾਲਾ
## ਕੁੰਡਲੀਆਂ ਛੰਦ

ਬਾਰ ਨ ਲਾਈ ਕ੍ਰਿਸ਼ਨ ਤੁਮ, ਦਰੁਪਤ ਸੁਤਾ ਕੀ ਬਾਰ ॥
ਪਾਰ ਦੁਸਾਸਨ ਨ ਲਯੋ, ਬਡ ਗਯੋ ਬਾਸ ਅਪਾਰ ॥
ਬਡ ਗਯੋ ਬਾਸ ਅਪਾਰ, ਇੰਦਰ ਤਬ ਤੁਮੇ ਅਰਾਧੇ ॥
ਅਨੁਜ ਰੂਪ ਧਰ ਤਾਹਿ, ਕਾਜ ਤਾਂਕੇ ਤੁਮ ਸਾਧੇ ॥
ਅਬ ਹਰਿ ਰਾਮ ਸੁ ਵਾਹ, ਵਾਰ ਕੀਨੀ ਕਿਹ ਕਾਰਨ ॥
ਤੁਮ ਤਾਰੇ ਮੈ ਸੁਨੇ ਨਰ, ਅੰਤਜਯ ਕਪਿ ਬਾਰਨ ॥ ੮੬ ॥

**ਸਵੈਯਾ ॥ ਗਹਿ ਤੰਦੁਲ ਬਾਮਨਕੇ ਕਰ ਮੈ ਤਵ ਆਪਦ ਤਾਹਿ ਕੀ ਦੂਰ ਨਿਵਾਰੀ। ਗਜ ਕੰਜ ਦਏ ਤਬ ਗ੍ਰਾਹਿ ਕਟੇ ਫਲ ਖਾਇ ਕਿ ਭੀਲ ਸੁਤਾ ਸੁ ਉਧਾਰੀ। ਗਲ ਫੂਲਨ ਮਾਲ ਗਹੀ ਕੁਬਜਾਂ ਤਬ ਕੂਬਰ ਕੀ ਕਟ ਨਾਬ ਸਵਾਰੀ॥ ਬਿਨ ਮੋਲ ਨਾ ਕਾਮ ਕਰੋ ਹਰਿ ਜੀ ਜਗ ਲੋਗਨ ਕੀ ਗਤ ਤੈਂ ਉਰਿਧਾਰੀ॥ ੮੭॥**

ਟੀਕਾ—ਪਕੜ ਕੇ ਚਾਵਲ ਸੁਦਾਮਾ ਬ੍ਰਾਹਮਣ ਦੇ ਹਥ ਵਿਚੋਂ ਆਪ ਨੇ ਉਸ ਕੀ ਬਿਪਤਾ ਦੂਰ ਕੀਤੀ, ਜਦੋਂ ਹਾਥੀ ਨੇ ਕੰਵਲ ਤੋੜ ਕੇ ਦਿਤਾ ਤਦੋਂ ਗ੍ਰਾਹਿ ਕੇ ਫੰਧਨਾਂ ਤੋਂ ਉਸਨੂੰ ਬਚਾਇਆ।

### ॥ ਕਬਿੱਤ ॥

ਰਮਾਕੇ ਨਿਵਾਰ ਕਰ ਗਰੜ ਵਿਸਾਰ ਕਰ, ਕਰੀ ਕੀ ਸੰਭਾਰ ਕਰਤਾਰ ਜੇ ਨ ਧਾਵਤੇ ॥
ਗ੍ਰਹਿ ਤੋ ਉਬਰ ਤੋ ਨ ਮਰਤੋ ਘਰੀਕ ਮਾਹਿ, ਪਰਤੋ ਅਥਾਹ ਬਾਹਿ ਬਾਰ ਕੋ ਨ ਪਾਵਤੋ ॥
ਆਰਤ ਪੁਕਾਰਤ ਕੋ ਚਰਨ ਸਰਨ ਧਾਰ, ਹੇ ਅਨਾਥ ਕਹੇ ਕੈਸੇ ਜਗ ਗਾਵਤੋ ॥
ਰਾਖਤੋ ਨ ਰੱਛਕ ਪ੍ਰਤੱਛ ਹੋ ਟਹਲ ਸਿੰਘ, ਭੱਛਕ ਤੇ ਰੱਛਕ ਪ੍ਰਤੱਛ ਕੋ ਕਹਾਵਤੋ ।।

ਫਿਰ ਫਲ ਖਾਇ ਕੇ ਭੀਲਾਂ ਕੀ ਪੁਤਰੀ ਤਾਰੀ। ਜਿਸ ਕਾ ਨਾਮ ਭੀਲਨੀ ਸੀ ਗਲ ਵਿਚ ਫੂਲਾਂ ਕੀ ਮਾਲਾ ਤਦੋਂ ਪਕੜ ਕੇ ਕੁਬਜਾਂ ਆਪਣੇ ਜੋ ਉਸ ਦਾ ਕੁਬ ਸੀ ਲਕ ਵਿਚ ਸੋ ਸਿਧਾ ਕਰ ਦਿਤਾ, ਬਿਨਾਂ ਹੀ ਮੁਲ ਤੋਂ ਭਗਤਾਂ ਦੇ ਕੰਮ ਤੁਸਾਂ ਕੀਤੇ ਹੈ ਪ੍ਰਮੇਸਰ, ਹੁਣ ਤੁਸਾਂ ਸੰਸਾਰ ਕੇ ਲੋਗਾਂ ਵਾਂਗੂ ਚਾਲ ਪਕੜ ਲਈ ਹੈ ਰਿਦੇ ਵਿਚ ਭਾਵ ਤੁਸੀਂ ਵੀ ਸੰਸਾਰੀ ਜੀਵਾਂ ਵਾਂਗੂ ਲਾਲਚੀ ਹੋ ਗਵੇ ਹੋ ॥ ੮੭ ॥

**ਸ੍ਵੈਯਾ ॥ ਜਗ ਆਹਿ ਅਨਾਦਿ ਸਮੇਕ ਸੁਨੋ ਹਸ ਦੂਖ ਸਹੇ ਤਿਹਿ ਮਾਹਿੰ ਕਰਾਰੇ। ਵਹਿ ਕੇਤਕ ਥੇ ਨਹਿ ਜਾਨ ਪਰੇ ਅਬ**

**ਔਰਨ ਕੋ ਡਰ ਪਾਂਹਿ ਹਮਾਰੇ। ਜਗ ਦੂਖ ਹਰੇ ਹਰਿਨਾਮ ਬਲੀ ਇਹ ਭਾਂਤਿ ਮਹਾਤਮ ਬੇਦ ਉਚਾਰੇ। ਜਗ ਕੇ ਸਭ ਦੂਖਨ ਮੋਹਿ ਹਰੋ ਮੁਹਿ ਹਾਨਿ ਨਹੀਂ ਹਰਿ ਲਾਜ ਤੁਮਾਰੇ॥ ੮੮॥**

ਏਹ ਜੋ ਸੰਸਾਰ ਹੈ ਸੋ ਬੜਾ ਪਿਛਲਾ ਹੀ ਬਹੁਤ ਚਿਰਦਾ ਬਣਿਆ ਚਲਿਆ ਆਂਵਦਾ ਹੈ ਸੋ ਹੇ ਪ੍ਰਭੂ ਸਾਡੇ ਸੁਣੋ ਤੁਸੀਂ ਅਸੀਂ ਕਰੜੇ ਦੁਖ ਸਹਾਰੇ ਇਸ ਸੰਸਾਰ ਦੇ ਵਿਚ ਓਹ ਦੁਖ ਕਿੰਨੇ ਹੀ ਹਨ ਕੁਛ ਜਾਣਿਆ ਨਹੀਂ ਜਾਂਦਾ ਅਤੇ ਇਸ ਵਕਤ ਹੋਰ ਸਾਨੂੰ ਕਿਸੇ ਦਾ ਡਰ ਨਹੀਂ ਇਸ ਜਗਤ ਕੇ ਜੰਮਨ ਮਰਨ ਕੇ ਦੁਖ ਦੂਰ ਕਰਨ ਵਾਸਤੇ ਹਰੀ ਕਾ ਨਾਮ ਹੀ ਬਲਵਾਨ ਹੈ ਇਸਤ੍ਰਹ ਵੇਦ ਉਚਾਰਦੇ ਹਨ, ਇਸ ਵਾਸਤੇ ਇਸ ਸੰਸਾਰ ਦੇ ਜਨਮ ਮਰਨ ਦੇ ਦੁਖ ਮੇਰੇ ਵੀ ਤੁਸੀਂ ਦੂਰ ਕਰੋ ਮੈਨੂੰ ਤੇ ਕੁਛ ਨਾਹਿ ਲਾਭ ਨਹੀਂ ਏਹ ਸਾਰੀ ਤੁਹਾਨੂੰ ਹੀ ਲਜਿਆ ਹੈ ॥ ੮੮ ॥

**ਮਦਰਾਛੰਦ॥ ਜਾਤਿ ਬਿਹੀਨ ਸੁ ਭੀਲ ਤਰੇ ਅਰੁ ਸੀਲ ਬਿਹੀਨ ਤਰੀ ਗਨਕਾ॥ ਰੂਪ ਬਿਹੀਨ ਤਰੀ ਕੁਬਜਾਂ ਹਰਿਣਾਛਲ ਰੂਪ ਤਰੇ ਬਨਕਾ। ਪਾਪਿ ਅਜਾਮਲ ਪਾਰ ਪਰੇ ਰਘੁਨਾਯਕ ਬੈਨ ਸੁਨੋ ਜਨਕਾ। ਵੈ ਗੁਣ ਨੇਮ ਤਜੇ ਹਮ ਨਾਥ ਕਿ ਆਪ ਤਿਆਗ ਕਰਯੋ ਪ੍ਰਨ ਕਾ॥ ੮੯॥**

ਟੀਕਾ—ਜਾਤੀ ਤੋਂ ਬਿਨਾ ਭੀਲਣੀ ਤਰ ਗਈ, ਅਤੇ ਸੀਲ ਸੁਭਾਵ ਤੋਂ ਬਿਨਾਂ ਵੇਸਵਾ ਨੂੰ ਤੁਸਾਂ ਤਾਰਿਆ, ਰੂਪ ਤੋਂ ਬਿਨਾਂ ਕੁਬਜਾ ਤਰ ਗਈ, ਹਰਨ ਛਲ ਕਰਨ ਵਾਲਾ ਤਰ ਗਿਆ, ਜੋ ਬਨ ਵਿਚ ਫਿਰਦਾ ਸੀ ਸੀਤਾ ਕੇ ਭਰਮਾਵਨ ਕੋ, ਪਾਪ ਕਰਨ ਵਾਲਾ ਪਾਪੀ ਅਜਾਮਲ ਇਸ ਸੰਸਾਰ ਸਮੁੰਦਰ ਤੋਂ ਪਾਰ ਹੋ ਗਿਆ, ਹੇ ਰਾਮ ਚੰਦਰ ਜੀ ਮੇਰਾ ਦਾਸ ਦਾ ਬਚਨ ਸੁਣੋ ਓਹੋ ਜੇਹੇ ਸਾਡੇ ਵਿਚ ਗੁਣ ਨਹੀਂਗੇ ਕੇ ਹੇ ਪ੍ਰਭੂ ਆਪਣੇ ਹੀ ਪ੍ਰਣ ਛਡ ਦਿਤਾ ਹੈ ਤਾਰਨ ਦਾ ਕਿਧੋ ਤੁਮਾਰਾ ਬਾਹਨ ਪੁਰਾਣਾ ਹੋ ਗਿਆ ਹੈ ਕਿ ਆਪ ਬੁਢੇ ਹੋ ਗਏ ਹੋ ॥ ੮੯ ॥

**ਸ੍ਵੈਯਾ॥ ਗੁਣ ਥੋੜਹਿ ਤੇ ਪ੍ਰਭ ਰੀਝ ਰਹੋ ਵਹਿ ਭੂਲ ਗਈ ਅਬ ਬਾਨ ਤੁਮਾਰੀ। ਫਲ ਫੂਲਨ ਤੇ ਬਨ ਭੀਲ ਸੁਤਾ ਮਥੁਰਾ ਪੁਰ ਮੈ ਹਰਿ ਕੂਬਰਿ ਤਾਰੀ। ਗਨਕਾ ਗਜਰਾਜ ਉਧਾਰ ਕਰੇ ਤਬ ਦਯਾਲ ਹੁਤੇ ਸੁ ਮੁਕੰਦ ਮੁਰਾਰੀ। ਅਬ ਕੈ ਕਰਣਾ ਹਰਿ ਪੀਠ ਦਈ ਅਰ ਕੈ ਫਰਯੋ ਕਰਿ ਕਾਗਦ ਕਾਰੀ॥ ੯੦॥**

ਟੀਕਾ—ਅਗੇ ਤੁਸੀਂ ਥੋੜਿਆਂ ਗੁਣਾਂ ਤੋਂ ਪ੍ਰਸੰਨ ਹੋ ਜਾਂਦੇ ਸੀ ਓਹ ਭੂਲ

ਗਈ ਤੁਹਾਨੂੰ ਬਾਤ ਅਬ ਫਲ ਫੂਲ ਲੈਕਰ ਬਨ ਵਿਚ ਭੀਲਾਂ ਕੀ ਪੁਤਰੀ ਭੀਲਨੀ ਤਾਰੀ ਮਥਰਾ ਵਿਚ ਕੁਬਜਾਂ ਤਾਰੀ ਹੇ ਹਰੀ ਫਿਰ ਵੇਸਵਾ ਤਾਰੀ ਹਸਤੀ ਤਾਰਿਆ ਅਗੇ ਤੁਸੀਂ ਬੜੀ ਦਜਾ ਕੇ ਘਰ ਹੁੰਦੇ ਸੀ ਹੇ ਮੁਰਾਰੀ ਮੁਰ ਨਾਮ ਦੈਂਤ ਕੇ ਅਰੀ ਅਬ ਹੁਣ ਕਿਰਪਾ ਦ੍ਰਿਸ਼ਟੀ ਨੂੰ ਪਿਠ ਦੇ ਦਿਤੀ ਹੈ ਕਿ ਅਥਵਾ ਤੁਸਾਂ ਸਾਡੇ ਅਵਗੁਣ ਵਿਚਾਰ ਕੇ ਹਥ ਵਿਚ ਕਲਮ ਦਵਾਤ ਪਕੜ ਲਈ ਕਿ ਨਾਲੋ ਨਾਲ ਲਿਖੀ ਜਾਈਏ ਜਬ ਹਿਸਾਬ ਕਰੋਗੇ ਤਾਂ ਸਾਨੂੰ ਹੀ ਘਾਟਾ ਆਵੇਗਾ। ਬਖਸ਼ ਸਾਡੇ ਅਵਗਣ ਨਾ ਵਿਚਾਰ ॥ ੯੦ ॥

**ਦੋਹਰਾ॥ ਕਾਗਦ ਲੇਖਾ ਜੌ ਕਰੋ ਕਹਾਂ ਪੁਜਾਵੇ ਨਾਥ ।**
**ਔਗਨ ਮੇਰਾ ਬਖਸ਼ੀਏ ਮਾਥੇ ਧਰੀਏ ਹਾਥ॥ ੯੧ ॥**

ਟੀਕਾ—ਜੀਵ ਹੇ ਈਸ਼ਵਰ ਜੇ ਮੈਂ ਤੇਰੇ ਨਾਲ ਕਾਗਜ਼ ਪਕੜ ਕੇ ਲੇਖਾ ਕਰਾਂ ਤਾਂ ਕਿਆ ਭਲਾ ਮੈਂ ਪੁਜ ਸਕਨਾ ਹਾਂ ਹੇ ਪਰਮੇਸਰ ਆਪ ਕਿਰਪਾ ਕਰਕੇ ਮੇਰੇ ਔਗੁਣ ਤੁਸੀਂ ਮਾਫ ਕਰੋ ਅਤੇ ਮੇਰੇ ਮਥੇ ਤੇ ਆਪਣਾ ਹਥ ਰਖੋ ਕਿਰਪਾ ਕਰਕੇ ॥ ੯੧ ॥

**ਸ੍ਵੈਯਾ॥ ਅਭਿ ਬੰਦਨ ਤੇ ਹਰਿ ਪਾਦਨ ਕੋ ਜਗ ਮਾਹਿ ਪਿਖੇ ਸੁ ਉਦਾਰ ਉਦਾਰੀ। ਸਸਿ ਮੰਡਲ ਮੈਂ ਬਹੁ ਕ੍ਰਾਂਤਿ ਹੁਤੀ ਪਿਖ ਆਨਨ ਤੇ ਸੁ ਲਗੇ ਅਬ ਖਾਰੀ॥ ਦ੍ਰਿਗ ਕੰਜਨ ਤੇ ਸੁ ਉਦਾਰ ਖਿਰੇ ਲਟਕੀ ਅਲਕੈ ਸ੍ਰਿਤਿ ਊਪਰਕਾਰੀ। ਸੁਭ ਕੁੰਡਲ ਛਾਇ ਕਪੋਲ ਰਹੇ ਕਰ ਮਾਂਹਿ ਲਟੇ ਉਰਹਾਰ ਅਪਾਰੀ ॥ ੯੨ ॥**

ਟੀਕਾ—ਹੁਣ ਮੈਂ ਰਿਦੇ ਕਰਕੇ ਤੇਰੇ ਚਰਨਾਂ ਤੇ ਨਮਸਕਾਰ ਕਰਦਾ ਹਾਂ ਹੇ ਈਸ਼ਵਰ ਇਸ ਸੰਸਾਰ ਉਤੇ ਮੈਂ ਉਤਕ੍ਰਿਸ਼ਟ ਤੇ ਉਤਕ੍ਰਿਸ਼ਟ ਦੇਖੇ ਹਨ ਫਿਰ ਜੋਹੜੀ ਚੰਦਰਮਾਂ ਦੇ ਵਿਚ ਸੋਭਾ ਹੈਸੀ ਦੇਖ ਕਰਕੇ ਆਪ ਕੇ ਮੁਖ ਨੂੰ ਫਿਕੀ ਪੈ ਗਈ ਹੈ ਅਤੇ ਆਪਕੇ ਨੇਤਰ ਕਵਲਾਂ ਨਾਲ ਵੀ ਬੜੇ ਪ੍ਰਕਾਸ਼ ਵਾਲੇ ਖਿੜੇ ਹੋਏ ਹਨ ਫਿਰ ਜ਼ੁਲਫਾਂ ਲਮਕ ਰਹੀਆਂ ਹਨ ਕੰਨਾਂ ਉਤੇ ਮਾਨੋਂ ਸਰਪਣੀਆਂ ਹਨ ਕਾਲੀਆਂ ਫਿਰ ਬੜੇ ਅਛੇ ਕੁੰਡਲ ਕਪੋਲਾਂ ਪਰ ਬਿਰਾਜਮਾਨ ਹੋ ਰਹੇ ਹਨ, ਹਥ ਵਿਚ ਸੁੰਦਰ ਕੰਙਣ ਪਾਇ ਹੋਇ ਹਨ, ਰਿਦੇ ਵਿਚ ਹਾਰ ਬਹੁਤ ਅਮੋਲਕ ਪਾਇਆ ਹੋਇਆ ਹੈ ਇਸ ਪਰਕਾਰ ਆਪ ਕੀ ਸ਼ੋਭਾ ਬਣੀ ਹੈ ॥ ੯੨ ॥

**ਦੋਹਰਾ ॥ ਖਿਮਾ ਉਲਾਹਨੈ ਕੋ ਕਰੋ ਤੁਮ ਨਿਰਪੇਖ ਉਦਾਰ ।**
**ਪ੍ਰੇਮ ਪੇਖ ਹਰਿ ਰੀਝਹੌਂ ਭਗਵਾਨ ਭਗਤਿ ਉਦਾਰ॥ ੯੩ ॥**

ਟੀਕਾ—ਜੀਵ ਹੇ ਈਸ਼ਵਰ ਮੈਂ ਆਪ ਨੂੰ ਬੜੇ ਮਿਹਣੇ ਮਾਰੇ ਹਨ ਸੋ ਆਪ ਕਿਰਪਾ ਕਰਕੇ ਮੈਨੂੰ ਬਖਸ਼ਣਾ ਅਤੇ ਆਪ ਨੂੰ ਕਿਸੀ ਵਸਤੂ ਕੀ ਚਾਹਿ ਨਹੀਂ ਹੈਗੀ

ਇਕ ਪਰੇਮ ਨੂੰ ਹੀ ਦੇਖਕੇ ਪ੍ਰਸੰਨ ਹੋ ਫਿਰ ਹੇ ਭਗਵਾਨ ਆਪਣਿਆਂ ਭਗਤਾਂ ਤੇ ਤੁਸੀਂ ਬੜੇ ਉਦਾਰ ਹੋ ਭਾਵ ਜੋ ਕੁਛ ਓਹ ਮੰਗਦੇ ਹਨ ਸੋ ਤੁਸੀਂ ਓਹਨਾਂ ਨੂੰ ਦੇਂਦੇ ਹੋ ॥ ੯੩ ॥

**ਸ੍ਵੈਯਾ॥ ਨਭ ਮੈ ਸੁਰ ਲੋਕ ਰਚੇ ਹਰਿ ਜੀ ਅਰ ਭੂਮਿ ਬਿਖੈ ਨਿਧ ਖੀਰ ਬਨਾਏ। ਮਣਿ ਹੀਰਨ ਕੇ ਗਿਰ ਕੂਟ ਰਚੇ ਫਲ ਫੂਲਨ ਕੋ ਬਟ ਕੋਟ ਉਪਾਏ। ਸਭ ਲੋਗਨ ਕੋ ਪ੍ਰਭੁ ਪੋਖਤ ਹੋਂ ਸਭ ਭੂਖ ਮਿਟੇ ਤੁਮ ਮੈ ਮਨ ਲਾਏ। ਬਿਨ ਪਰੇਮ ਕਹਾਂ ਫਲ ਫੂਲ ਦਏ ਪਦ ਪੰਕਜ ਤੇ ਪਦ ਕੀ ਰਜ ਪਾਏ॥ ੯੪ ॥**

ਟੀਕਾ—ਅਕਾਸ਼ ਦੇ ਵਿਚ ਤੁਸਾਂ ਕਲਾਅ ਪੁਰਖ ਦੇਵਤਿਆਂ ਦੇ ਰਹਿਣ ਵਾਸਤੇ ਦੇਵ ਲੋਕ ਬੈਕੁੰਠ ਬਣਾਇਆ ਹੈ ਫਿਰ ਇਸ ਧਰਤੀ ਉਤੇ ਤੁਸਾਂ ਸਮੁੰਦਰ ਸਤ ਬਣਾਏ ਹਨ ਫਿਰ ਹੀਰਿਆਂ ਮਣੀਆਂ ਦੇ ਤੁਸਾਂ ਪਹਾੜ ਕੂਟ ਬਨਾਇ ਹਨ ਫਿਰ ਫਲ ਫੂਲ, ਜੰਗਲਾਂ ਵਿਚ ਤੁਸਾਂ ਕਰੋੜਾਂ ਹੀ ਪ੍ਰਗਟ ਕੀਤੇ ਹਨ ਫਿਰ ਸਾਰਿਆਂ ਲੋਕਾਂ ਨੂੰ ਤੁਸੀਂ ਹੇ ਈਸ਼ਵਰ ਪਾਲਦੇ ਹੋ ਕਿਰਪਾ ਕਰ ਸਾਰੇ ਜਨਮ ਮਰਨ ਦੇ ਦੁਖ ਮਿਟਦੇ ਹਨ ਜੇਕਰ ਤੁਮਾਰੇ ਚਰਨ ਵਿਚ ਚਿਤ ਲਾਈਏ ਤਾਂ ਇਤਯਾਦਕ ਫਲ ਫੂਲ ਜੋ ਤੁਸਾਂ ਦਿਤੇ ਹਨ ਸੋ ਕਿਆ ਹੈ ਪਰੇਮ ਤੋਂ ਬਿਨਾ ਆਪ ਕੇ ਚਰਨ ਕਵਲ ਕੀ ਧੂੜੀ ਕੇ ਬਰਾਬਰ ਇਹ ਕੋਈ ਵੀ ਨਹੀਂ ਹੈ ਭਾਵ ਏ ਸਭ ਤੁੱਛ ਹਨ ॥ ੯੪ ॥

**ਸ੍ਵੈਯਾ ॥ ਵਰ ਕੌਨ ਮੰਗੋ ਤੁਮ ਤੇ ਹਰਿ ਜੀ ਥਿਰ ਨਾਂਹਿ ਰਹੇ ਜਗ ਭੀਤਰ ਕੋਈ। ਨਹਿ ਰਾਜ ਰਹੇ ਗਜ ਬਾਜ ਰਹੇ ਤਨ ਲੌ ਮਿਟ ਜਾਇ ਪਿਖੋਂ ਜਗ ਜੋਈ। ਬਿਨ ਤੇ ਪਦ ਕੰਜ ਲਹੇ ਨ ਕਹੂੰ ਸੁਖ ਜੌ ਨਰ ਦੌਰ ਫਿਰੈ ਤਿਹੁੰ ਲੋਈ। ਪਦ ਮੰਜਲ ਜੋ ਸਨਕਾਦਿ ਭਜੈ ਤਿਨਕੀ ਪ੍ਰਭੂ ਸੋਭ ਦਿਜੇ ਮਮ ਸੋਈ ॥ ੯੫॥**

ਟੀਕਾ—ਭਾਈ ਸਾਹਿਬ ਭਾਈ ਗੁਲਾਬ ਸਿੰਘ ਜੀ ਕੋ ਕਿਸੀ ਸਮੇਂ ਈਸ਼ਵਰ ਕਾ ਦਰਸ਼ਨ ਹੂਆ ਤਬ ਈਸ਼ਵਰ ਨੇ ਆਖਿਆ ਕੁਛ ਮੰਗ ਲੈ ਤਬ ਭਾਈ ਗੁਲਾਬ ਸਿੰਘ ਜੀ ਆਖਿਆ ਜੀ ਮੈਂ ਕੀ ਮੰਗਾ ਕੁਛ ਥਿਰ ਨਹੀਂ ਰਹਿਨ ਵਾਲਾ ਏ ਵਰ ਸਭ ਜਗਤ ਵਿਚ ਕੋਈ ਥਿਰ ਨਹੀਂ ਨਾ ਤੇ ਰਾਜ ਰਹਿੰਦਾ ਹੈ ਜਗਤ ਵਿਚ ਨਾ ਘੋੜੇ ਹਾਥੀ ਆਦਿਕ ਰਹਿੰਦੇ ਹਨ, ਸਰੀਰ ਤਾਈਂ ਸਭ ਨਾਸ ਵੰਤ ਹਨ ਦੇਖੋ ਜਗਤ ਵਿਚ ਕੋਈ ਥਿਰ ਨਹੀਂ ਹੈ, ਤੇਰੇ ਚਰਨਾਂ ਕਵਲਾਂ ਦੇ ਦਰਸ਼ਨ ਤੋਂ ਬਿਨਾਂ ਇਸ ਜੀਵ ਨੂੰ ਕਿਤੇ ਵੀ ਸੁਖ ਨਹੀਂ ਭਾਵੇਂ ਤਿੰਨਾਂ ਲੋਕਾਂ ਵਿਚ ਦੌੜਦਾ ਫਿਰੇ ਜੋ ਤੇਰੇ

ਚਰਨ ਕਵਲ ਨਿਰਮਲ ਬ੍ਰਹਮਾ ਦੇ ਪੁਤਰ ਭਜ ਰਹੇ ਹਨ ਹੇ ਈਸ਼ਵਰ ਓਹਨਾਂ ਦੀ ਸੇਵਾ ਕਰਨੀ ਮੈਨੂੰ ਵੀ ਬਖਸ਼ੋ ਕਿਰਪਾ ਕਰ ॥ ੯੫ ॥

**ਸ੍ਵੈਯਾ ॥ ਕਬਿ ਆਵਹਿਗੇ ਮਮ ਊਪਰ ਤੇ ਦਿਨ ਦੇਹ ਰਟੈ ਮਮ ਗੰਗ ਕਿਨਾਰੇ ॥ ਸਭ ਹੀ ਜਗ ਤੇ ਪੁਨ ਸਾਂਤਿ ਲਹੇ ਮੁਖ ਨਾਮ ਸੁਸੀਲ ਗੰਗੋਦਕ ਧਾਰੇ॥ ਪੁਨਿ ਬੈਠ ਸ਼ਿਲਾ ਤਲ ਮੈ ਹਰਿ ਕੀ ਪਦਵੀ ਦ੍ਰਿਗ ਮੇਲ ਕੈ ਨੀਤ ਚਿਤਾਰੇ॥ ਹਰਿ ਧਯਾਨ ਸਮੇ ਤਨ ਮੋਹਿ ਗਿਰੈ ਜਲ ਮਾਤ ਸਮਾਨ ਸੁ ਗੰਗ ਸੰਭਾਰੇ ॥ ੯੬ ॥**

ਟੀਕਾ–ਭਾਈ ਜੀ ਕਹਿੰਦੇ ਹਨ ਕਿ ਕਦੋਂ ਓਹ ਦਿਨ ਆਵਣਗੇ ਮੇਰੇ ਉਤੇ ਕਿ ਜਦ ਮੈਂ ਗੰਗਾ ਕੇ ਕਿਨਾਰੇ ਆਪਣੀ ਦੇਹੀ ਕੋ ਫਿਰਾਵਾਂਗਾ ਭਾਵ ਜਦ ਮੈਂ ਗੰਗਾ ਕੇ ਤੀਰ ਤੀਰ ਸੈਲ ਕਰਾਂਗਾ; ਸਾਰੇ ਹੀ ਜਗਤ ਵਲੋਂ ਮੇਰਾ ਹਿਰਦਾ ਸੀਤਲ ਹੋਵੇਗਾ ਜਦ ਮੈਂ ਮੁਖੋਂ ਹਰੀ ਕਾ ਨਾਮ ਉਚਾਰਣ ਕਰਾਂਗਾ ਅਤੇ ਆਪਣੇ ਸਿਰ ਉਤੇ ਗੰਗਾ ਜਲ ਪਾਵਾਂਗਾ, ਪੁਨਾ ਬੈਠ ਕਰਕੇ ਪਥਰ ਦੀ ਸ਼ਿਲਾ ਉਤੇ ਪ੍ਰਮੇਸ਼ਰ ਦੀ ਮੂਰਤੀ ਦਾ ਧਯਾਨ ਕਰਾਂਗਾ, ਨੇਤ੍ਰ ਮੇਲਕੇ। ਭਾਵ ਸਮਾਧੀ ਲਗਾ ਕਰ ਈਸ਼ਵਰ ਕੋ ਯਾਦ ਕਰਾਂਗਾ ਸਦੀਵ ਹੀ, ਪ੍ਰਮੇਸ਼ਰ ਦੇ ਧਯਾਨ ਵਿਚ ਮੇਰਾ ਸਰੀਰ ਡਿਗੇ ਭਾਵ ਲਗਾ ਰਹੇ ਨਾਮ ਵਿਚ, ਮਾਤਾ ਕੇ ਬਰਾਬਰ ਗੰਗਾ ਮਾਤਾ ਮੈਨੂੰ ਸੰਭਾਲੇਗੀ ॥ ੯੬ ॥

**ਦੋਹਰਾ ॥ ਬਾਲਕ ਬ੍ਰਿਧ ਜੁਵਾ ਧਨੀ ਹੈ ਸਭਕੋ ਅਧਿਕਾਰ ॥ ਅਰ ਫੁਨ ਬਰਖ ਪਚਾਸ ਤੇ ਤਜੇ ਸਕਲ ਸੰਸਾਰ ॥ ੯੭ ॥**

ਟੀਕਾ–ਭਾਈ ਜੀ ਕਹਿੰਦੇ ਹਨ ਕਿ ਚਾਹੇ ਕੋਈ ਬਾਲਕ ਹੋਵੇ ਚਾਹੇ ਕੋਈ ਬਿਰਧ ਹੋਵੇ ਚਾਹੇ ਕੋਈ ਜਵਾਨ ਅਵਸਥਾ ਕਾ ਹੋਵੇ ਚਾਹੇ ਕੋਈ ਧਨੀ ਹੋਵੇ ਸਾਰਿਆਂ ਨੂੰ ਚਾਹੀਏ ਕਿ ਜਬ ਪੰਜਾਹ ਸਾਲ ਹੋ ਜਾਵੇ ਤਬ ਸੰਸਾਰ ਕੋ ਛਡ ਦੇਵੇ ਤੇ ਪੁਨਾ ਈਸ਼ਵਰ ਕੋ ਯਾਦ ਕਰਨ ॥ ੯੭ ॥

**ਸ੍ਵੈਯਾ ॥ ਜਿਨ ਕਾ ਜਗ ਭੀਤਰ ਮਾਨ ਘਟੇ ਸੁ ਨਿਰਾਸ ਰਟੇ ਅਰਥੀ ਨਿਜ ਦਵਾਰੇ। ਨਿਜ ਮੰਦਰ ਤੇ ਧਨ ਖੀਣ ਭਏ ਪਰਲੋਕ ਗਏ ਨਿਜ ਬੰਧੁ ਪਿਆਰੇ। ਤਨ ਮੰਡਲ ਜੋਬਨ ਪੀਠ ਦਈ ਇਹ ਲੋਕ ਤਜੈ ਪਰਲੋਕ ਸਵਾਰੇ। ਜਗ ਪਾਵਨ ਭੂਧਰ ਕੁੰਜ ਦਰੀ ਨਰ ਜਾਇ ਵਸੈ ਵਹੁ ਗੰਗ ਕਿਨਾਰੇ ॥ ੯੮ ॥**

ਟੀਕਾ–ਇਸ ਮਨੁੱਖ ਦੇ ਵਾਸਤੇ ਭਾਈ ਜੀ ਦਸਦੇ ਹਨ ਕਿ ਜਿਸ ਦਾ ਇਸ

Sri Satguru Jagjit Singh Ji Elibrary NamdhariElibrary@gmail.com

ਸੰਸਾਰ ਵਿਚ ਆਦਰ ਹੋ ਜਾਵੇ ਅਤੇ ਮੰਗਤੇ ਜਿਸ ਦੇ ਦਰਵਾਜ਼ੇ ਉਤੋ ਖਾਲੀ ਚਲੇ ਜਾਂਣ ਅਥਵਾ ਧਨ ਦੂਰ ਹੋ ਜਾਵੇ ਆਪਨੇ ਘਰ ਵਿਚੋਂ ਅਤੇ ਮਰ ਗਏ ਹੋਵਣ ਪਿਆਰੇ ਮਿਤਰ ਦੋਸਤ ਪੁਤਰ ਧੀਆਂ ਇਸਤ੍ਰੀ ਆਦਿਕ ਫਿਰ ਸਰੀਰ ਜੋ ਅਛਾ ਬਣਿਆ ਹੋਇਆ ਸੀ ਅਤੇ ਜੋਬਨ ਨੇ ਵੀ ਪਿਛਾ ਦੇ ਦਿਤਾ ਫਿਰ ਇਸ ਸੰਸਾਰ ਤੋਂ ਸਾਰੇ ਹੀ ਪ੍ਰਲੋਕ ਨੂੰ ਚਲੇ ਗਏ ਇਸ ਵਾਸਤੇ ਜਗਤ ਜੋ ਪਵਿਤ੍ਰ ਹੈ ਤਿਸ ਵਿਚ ਜੋ ਪਹਾੜ ਹਨ ਬੜੇ ਅਛੇ ਸੁੰਦਰ ਕੰਦਰਾਂ ਵਾਲੇ ਉਸ ਜਗ੍ਹਾ ਪੁਰਸ਼ ਜਾਂ ਰਹੇ ਗੰਗਾ ਦੇ ਕਿਨਾਰੇ ਅਤੇ ਪ੍ਰਮੇਸ਼ਰ ਕੋ ਯਾਦ ਕਰੇ ॥ ੯੮ ॥

**ਸ੍ਵੈਯਾ ॥ ਪ੍ਰਾਤ ਸਮੇਂ ਪਿਖ ਪਾਵਨ ਨੀਰ ਸੁ ਪਾਨ ਕਰੇ ਮੁਖ ਗੰਗ ਉਚਾਰੇ। ਪੂਰਬ ਓਰ ਕਰੇ ਮੁਖ ਕੋ ਹਰਿ ਪਾਦਹਿ ਨੀਰ ਸਰੀਰ ਪਖਾਰੇ। ਬੈਠ ਸਿਲਾ ਤਲਨੈਨ ਮਿਲਾਇ ਸੁਰਾਮ ਰਮਾਪਤਿ ਮੈਂ ਉਰਧਾਰੇ ॥ ਨਾਮ ਇਹੈ ਮੁਖ ਮਾਂਹਿ ਰਟੇ ਹਰਿ ਦੀਨ ਦਯਾਲ ਮੁਕੰਦ ਮੁਰਾਰੇ ॥ ੯੯ ॥**

ਟੀਕਾ—ਸਵੇਰੇ ਉਠ ਕਰਕੇ ਦੇਖੇ ਨਿਰਮਲ ਜਲ ਗੰਗਾ ਕਾ ਅਤੇ ਪੀਵਣਾ ਕਰੇ ਨਾਲ ਇਸ਼ਨਾਨ ਕਰ ਮੁਖੋਂ ਸ੍ਰੀ ਗੰਗਾ ਮਾਤਾ ੨ ਕਹੇ ਪੂਰਬ ਵਲ ਮੁਖ ਆਪਣਾ ਕਰਕੇ ਬੈਠੇ ਫਿਰ ਜੋ ਵਿਸ਼ਨ ਹਰੀ ਦੇ ਚਰਨ ਪਖਾਰਨ ਸੇ ਗੰਗਾ ਚਲੀ ਹੋਈ ਹੈ ਉਸਦੇ ਜਲ ਨਾਲ ਆਪਣੀ ਕਾਇਆਂ ਨੂੰ ਸ਼ੁਧ ਕਰੇ ਫਿਰ ਪਵਿਤਰ ਪਹਾੜ ਕੀ ਸਿਲਾ ਦੇਖ ਕਰ ਉਸ ਪਰ ਬੈਠੇ ਅਤੇ ਸਮਾਧੀ ਲਗਾਵੇ ਨੇਤਰਾਂ ਕੋ ਮੇਲ ਕਰ ਫਿਰ ਰਾਮ ਕਾ ਨਾਮ ਉਚਾਰੇ ਫਿਰ ਲੱਛਮੀ ਦੇ ਪਤੀ ਜੋ ਹਨ ਵਿਸ਼ਨੂੰ ਤਿਨ ਕੋ ਰਿਦੇ ਵਿਚ ਯਾਦ ਕਰੇ, ਇਸ ਮੁਖ ਨਾਲ ਪ੍ਰਸਿਸਰ ਕਾ ਨਾਮ ਜਪੇ ॥ ੯੯ ॥

**ਸ੍ਵੈਯਾ ॥ ਜਾਂ ਜਲ ਕੌ ਬਿਧਿ ਪਾਲ ਕਰਯੋ ਪੁਨ ਪਾਵਨ ਬਾਵਨ ਪਾਦ ਪਖਾਰੇ। ਸੰਕਰ ਪਾਵਨ ਹੇਰ ਉਰੇ ਪੁਨ ਸੀਸ ਨਿਰੰਤਰ ਸੋ ਜਲ ਧਾਰੇ। ਭੂਪ ਭਗੀਰਥ ਕੈ ਤਪਸਾ ਪੁਨ ਜਾਂ ਜਲ ਸੋ ਕੁਲ ਭੂਪਤਿ ਤਾਰੇ। ਸੋ ਜਲ ਪਾਵਨ ਮੈਂ ਪਰਸੇਂ ਸੁ ਪਿਖੋਂ ਉਰ ਮੈਂ ਬਡ ਭਾਗ ਹਮਾਰੇ ॥ ੧੦੦ ॥**

ਟੀਕਾ—ਭਾਈ ਜੀ ਸ੍ਰੀ ਗੰਗਾ ਜੀ ਕੀ ਪੁਰਾਤਨ ਵਾਰਤਾ ਸੁਣਾਂਵਦੇ ਹਨ ਕਿ ਕੈਸੇ ਪ੍ਰਗਟ ਹੋਈ ਹੈ ਅਤੇ ਕਿਸ ਨੇ ਆਂਦੀ ਸੀ ਜਬ ਬਾਵਨ ਭਗਵਾਨ ਨੇ ਇਹ ਧਰਤੀ ਮਿਣੀ ਸੀ ਤਬ ਬ੍ਰਹਮਾ ਨੇ ਚਰਨ ਧੋਇ ਕਰ ਬਾਵਨ ਭਗਵਾਨ ਕੇ ਕਰਮੰਡਲ ਵਿਚ ਜਲ ਪਾ ਲਿਆ ਸੀ ਫਿਰ ਜੋ ਸ਼ਿਵ ਜੀ ਨੇ ਪਵਿਤਰ ਜਲ ਦੇਖ ਕਰ ਰਿਦੇ ਵਿਚ

Sri Satguru Jagjit Singh Ji Elibrary NamdhariElibrary@gmail.com

ਉਸ ਕੋ ਸਿਰ ਉਤੇ ਸਦਾ ਹੀ ਧਾਰਨਾ ਕੀਤਾ ਫਿਰ ਰਾਜਾ ਸਗਰ ਕੀ ਸੰਤਤ ਮਰੀ ਹੋਈ ਸੀ ਅਗਤੀ ਰਿਖੀ ਕਲਪ ਕੇ ਸਰਾਪ ਨਾਲ ਉਹਨਾਂ ਦੀ ਮੁਕਤੀ ਕਰਾਵਣ ਦੇ ਕਾਰਨ ਭਗੀਰਥ ਰਾਜਾ ਨੇ ਬੜੇ ਯਤਨ ਨਾਲ ਗੰਗਾ ਕੋ ਆਂਦਾ, ਜਿਸ ਕੇ ਜਲ ਨਾਲ ਉਸ ਨੇ ਆਪਣੇ ਸਾਰੇ ਰਾਜੇ ਤਾਰੇ ਹਨ ਸੋਈ ਓਹ ਜਲ ਪਵਿਤਰ ਮੈਂ ਪਰਸਨਾਂ ਕਰੋਂ ਨਾਲੇ ਦੇਖੋਂ ਰਿਦੇ ਵਿਚ ਤੇ ਫਿਰ ਮੇਰੇ ਬਡਭਾਗ ਹੋਵੇਂਗੇ ਤੇ ਉਸ ਵੇਲੇ ਮੈਂ ਸ਼ੁਕਰ ਕਰਾਂਗਾ ॥ ੧੦੦ ॥

**ਸ੍ਵੈਯਾ ॥ ਤ੍ਰਿਸ਼ਨਾ ਉਰ ਤੇ ਸਭ ਦੂਰ ਕਰੈ ਸੁ ਖਿਮਾਂ ਪਰਿ ਪੂਰਨ ਕੋ ਉਰਧਾਰੇ ॥ ਕਰੁਣਾ ਜਨ ਦੀਨਨ ਹੇਰ ਸਦਾ ਪੁਨ ਪਾਪਨ ਤੇ ਮਨ ਪ੍ਰੀਤਿ ਨਿਵਾਰੇ ॥ ਪਦਵੀ ਸੁਭ ਸੰਤਨ ਕੀ ਪਕਰੇ ਭਵ ਬੰਧਨ ਸੂਲ ਸੁ ਮੋਹ ਉਖਾਰੇ ॥ ਜਨ ਕੋਵਿਦ ਪ੍ਰੀਤ ਸੁ ਨੀਤ ਕਰੇ ਹਰਿ ਰੂਪ ਸਦਾ ਮਨ ਮਾਹਿ ਚਿਤਾਰੇ ॥ ੧੦੧ ॥**

ਟੀਕਾ—ਕਿਸ ਤਰ੍ਹਾਂ ਕਾ ਹੈ ਗੰਗਾ ਦਾ ਜਲ ਸੋ ਭਾਈ ਜੀ ਵਰਨਣ ਕਰਦੇ ਹਨ ਕਿ ਤ੍ਰਿਸਨਾਂ ਨੂੰ ਰਿਦੇ ਵਿਚੋਂ ਦੂਰ ਕਰਦਾ ਹੈ ਸੋ ਖਿਮਾ ਨੂੰ ਭਲੀ ਪ੍ਰਕਾਰ ਪੂਰਨ ਰਿਦੇ ਵਿਚ ਧਾਰਨ ਕਰਾਂਵਦਾ ਹੈ ਫਿਰ ਕਿਰਪਾ ਦ੍ਰਿਸ਼ਟੀ ਗਰੀਬਾਂ ਪੁਰਸ਼ਾਂ ਉਤੇ ਕਰੇ ਦੇਖ ਕਰਕੇ ਪਾਪਾਂ ਵਲ ਮਨ ਦੀ ਪ੍ਰੀਤੀ ਕੋ ਨਿਵਾਰਨਾ ਕਰੇ, ਰਸਤਾ ਸਰੇਸ਼ਟ ਸੰਤਾਂ ਮਹਾਤਮਾਂ ਕਾ ਪਕੜਨਾ ਕਰੇ ਇਸ ਸੰਸਾਰ ਕਾ ਜੋ ਗ੍ਰਿਹਿਸਤ ਕਾ ਬੰਧਨ ਹੈ ਮੋਹ ਦਾ ਇਸ ਨੂੰ ਜੜ੍ਹ ਤੇ ਹੀ ਪੁਟ ਸੁਟੇ ਜੋ ਪੰਡਤ ਹਨ ਓਹਨਾਂ ਨਾਲ ਪ੍ਰੀਤੀ ਕਰੇ ਸਦਾ ਹੀ ਪ੍ਰਮੇਸ਼ਰ ਕਾ ਰੂਪ ਜੋ ਹੈ ਤਿਸ ਕੋ ਸਦਾ ਹੀ ਰਿਦੇ ਵਿਚ ਯਾਦ ਕਰੇ ॥ ੧੦੧ ॥

**ਸ੍ਵੈਯਾ ॥ ਕਿੰਚਤ ਹੈਂ ਅਲਿਕਾਂ ਸ੍ਰੁਤਿ ਊਪਰ ਕੁੰਡਲ ਹੈਂ ਸੁਭ ਕ੍ਾਨਨ ਮਾਂਹੀਂ । ਕੁੰਡਲ ਕੇ ਕਚ ਮੈ ਚਕ ਮੈ ਲਸਕੈ ਤੜਿਤਾ ਘਨ ਮੇਚਕ ਮਾਂਹੀਂ ॥ ਬੋਲ ਸਮੈ ਛਬ ਪੁੰਜ ਤਰੰਗ ਕਪੋਲਨ ਸਾਗਰ ਤੇ ਨਿਕਸਾਂਹੀਂ ॥ ਨੈਨ ਹਰੇ ਮਦ ਕੰਜਨ ਕੇ ਸਮ ਆਨਨ ਕੇ ਸੀਸ ਕੋਟਿਕ ਨਾਂਹੀਂ ॥ ੧੦੨ ॥**

ਟੀਕਾ—ਵਲਾਂ ਵਾਲੀਆਂ ਜ਼ੁਲਫਾਂ ਕੰਨਾਂ ਉਤੇ ਲਟਕ ਰਹੀਆਂ ਹਨ ਫਿਰ ਕੁੰਡਲ ਵੀ ਹਨ ਕੰਨਾਂ ਵਿਚ ਪਏ ਹੋਏ ਫਿਰ ਜੋ ਕੁੰਡਲ ਹਨ ਤਿਨ ਕੇ ਕੇਸ ਹਨ ਕਾਲੇ ਇਸ ਪ੍ਰਕਾਰ ਚਮਕ ਰਹੇ ਹਨ ਮਾਨੋ ਕਾਲੇ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੈ ਬੋਲਦੇ ਜੋ ਹਨ ਤਿਸ ਕੀ ਉਪਮਾਂ ਯੋਂ ਹੈ ਕਿ ਬਹੁਤ ਹੀ ਉਪਮਾਂ ਉਠਦੀ ਹੈ

Sri Satguru Jagjit Singh Ji Elibrary NamdhariElibrary@gmail.com

ਜੈਸੇ ਸਾਗਰ ਵਿਚ ਤਰੰਗ ਉਠਦੇ ਹਨ ਐਸੇ ਕਪੋਲਾਂ ਵਿਚੋਂ ਬਚਨਾਂ ਰੂਪੀ ਤਰੰਗ ਉਠ ਰਹੇ ਹਨ ਨੇਤਰ ਹਰੇ ਹਰੇ ਹਨ ਹੰਕਾਰ ਕਵਲਾਂ ਦਾ ਫਿਰ ਮੁਖ ਦੇ ਬਰਾਬਰ ਕਰੋੜਾਂ ਹੀ ਚੰਦਰਮਾਂ ਦੀ ਛਬ ਨਹੀਂ ॥ ੧੦੨॥

**ਸਵੈਯਾ॥ ਭ੍ਰਿਕੁਟੀ ਕੁਟਿਲਾ ਸੁਲ ਭਾਲ ਬਿਸਾਲ ਸੁ ਕੁੰਕਮ ਕੀ ਯੁਗ ਰੇਖ ਸੁਹਾਈ॥ ਯੁਗ ਕਾਂਚਨ ਕੇ ਸਰ ਲੈ ਰਤਿ ਨਾਹਿ ਮਨੋ ਮਣਿ ਕੀ ਸੁ ਕਮਾਨ ਚਢਾਈ॥ ਕਚ ਘੁੰਘਰਵੰਤ ਸਮੁੰਦ ਸਮੀਰ ਫੁਰੇ ਤਿਨ ਕੀ ਛਬਿ ਯੌ ਮਨ ਆਈ। ਸੁ ਮਨੋ ਮੁਖ ਕੰਜ ਅਮੋਦ ਗਹੇ ਭ੍ਰਮ ਰਾਵਲ ਕਾ ਭ੍ਰਮ ਹੈ ਬਿਗਸਾਈ॥ ੧੦੩॥**

ਟੀਕਾ—ਭਵਾਂ ਟੇਢੀਆਂ ਹਨ ਸ਼ੁਭ ਮਥਾ ਬੜਾ ਸੁੰਦਰ ਹੈ ਫਿਰ ਕੇਸਰ ਦੀਆਂ ਦੋ ਲਕੀਰਾਂ ਹਨ ਮਥੇ ਤੇ ਸ਼ੋਭਦੀਆ ਸੋ ਮਾਨੋ ਦੋ ਸੋਨੇ ਦੇ ਬਾਨ ਹਨ ਕਾਮਦੇਵ ਨੇ ਮਣੀਆਂ ਕੀ ਜੜਤ ਕਮਾਨ ਚੜਾਈ ਹੈ ਕੇਸ ਕੁੰਡਲਾ ਕਾਰ ਸਨੇ ਸਨੇ ਜਬ ਪੌਣ ਵਗਦੀ ਹੈ ਤਾਂ ਹਿਲਦੇ ਹਨ ਤਿਨਕੀ ਉਪਮਾ ਕਵੀ ਜੀ ਕਹਿੰਦੇ ਹਨ ਕਿ ਇਸ ਪ੍ਰਕਾਰ ਮਨ ਵਿਚ ਆਈ ਹੈ ਮਾਨੋ ਮੁਖ ਜੋ ਕਵਲ ਵਤ ਤਿਸ ਉਤੇ ਅਨੰਦ ਕੋ ਪਕੜ ਕਰ ਭੌਰਿਆਂ ਦੀਆਂ ਪੰਗਤੀਆਂ ਪ੍ਰਸੰਨ ਹੋ ਕਰ ਭਰਮ ਰਹੀਆਂ ਹਨ ਭਾਵ ਗੁੰਜਾਰਤ ਹੈ ॥ ੧੦੩॥

**ਸਵੈਯਾ॥ ਪਦ ਪਾਵਨ ਕੋਮਲ ਪੰਕਜ ਜੇ ਅਰੁਣਾਂ ਨਖ ਅੰਗੁਲ ਕੇ ਸਿਖ ਮਾਂਹੀ॥ ਸੁਭ ਅੰਕੁਸ ਔ ਪੁਨ ਬਜ੍ਰ ਧੁਜਾ ਕਿਲ ਕੰਜਲ ਸੇ ਪਦ ਪੰਕਜ ਮਾਂਹੀ। ਸਰਨਾਗਤ ਕੈ ਭਯ ਮੋਚਕ ਹੈਂ ਇਕ ਬੰਦਨ ਤੇ ਭਵ ਫੰਧਨ ਜਾਹੀ। ਧਰ ਮਾਨਵ ਦੇਹ ਸੁ ਭਾਰਥ ਖੰਡ ਭਜੇ ਹਰਿ ਪਾਦ ਤਰੇ ਜਗ ਮਾਂਹੀ॥ ੧੦੪॥**

ਟੀਕਾ--ਚਰਨ ਕਮਲ ਕੋਮਲ ਜੋ ਹਨ ਫਿਰ ਪਵਿਤਰ ਹਨ ਲਾਲ ਹਨ ਨਖ ਅੰਗਲੀਆਂ ਕੇ ਅਗੇ ਭਾਵ ਲਿਸ਼ਕ ਰਹੇ ਫਿਰ ਹਨ ਬੜੇ ਅਛੇ ਕੁੰਡੇ ਕਾ ਅਤੇ ਬਜਰ ਧੁਜਾ ਕਾ ਚਿਨ੍ਹ ਹੈ (ਕਿਲ) ਨਿਸਚੇ ਕਰ ਵਾ ਸੁੰਦਰ ਕਮਲ ਵਤ ਚਰਨ ਕਵਲ ਵਿਚ ਜੋ ਤਿਨ ਕੀ ਸਰਨ ਕੋ ਪ੍ਰਾਪਤ ਹੋਵੇ ਉਸ ਕਾ ਜਨਮ ਮਰਨ ਕਾ ਡਰ ਦੂਰ ਕਰਦੇ ਹਨ ਇਕ ਵਾਰੀ ਜੇਹੜਾ ਨਮਸਕਾਰ ਕਰੇ ਉਸ ਦੇ ਸਾਰੇ ਸੰਸਾਰ ਦੇ ਫੰਦਨ ਮਿਟ ਜਾਂਦੇ ਹਨ ਜੋ ਜਨਮ ਲੇਕਰ ਪੁਰਸ਼ ਇਸ ਭਾਰਥ ਖੰਡ ਵਿਚ ਉਸ ਅਕਾਲ ਪੁਰਖ ਨੂੰ ਯਾਦ ਕਰੇ ਓਹ ਤਰ ਜਾਂਦਾ ਹੈ ਇਸ ਸੰਸਾਰ ਉਤੋਂ ॥ ੧੦੪॥

**ਸਵੈਯਾ॥ ਹਰਿ ਕੇ ਪਦ ਪੰਕਜ ਪ੍ਰੇਮ ਕਰੈ ਨਾ ਕਰੈ ਹਰਿ ਵੇਮੁਖ**

ਲੋਗਨ ਸੰਗਾ॥ ਨਹਿ ਆਪਨ ਮਾਨ ਸੁ ਭੂਤ ਚਹੇ ਪੁਨ ਔਰਨ ਕੋ ਨ ਕਰੇ ਮਨ ਭੰਗਾ॥ ਸਭ ਔਰ ਤਜੇ ਜਗ ਰੰਗ ਮਹਾਂ ਸੁ ਰਹੇ ਹਰਿ ਪੂਰਨ ਕੇ ਰੁਪ ਰੰਗਾ॥ ਇਕ ਠੌਰ ਅਹਾਰ ਕਰੇ ਨਾ ਸਦਾ ਸੁਭ ਸੰਤ ਧਰੇ ਬ੍ਰਿਤ ਨੀਰ ਬਿਰੰਗਾ॥ ੧੦੫॥

ਟੀਕਾ—ਅਕਾਲ ਪੁਰਖ ਦੇ ਚਰਨ ਕਵਲ ਵਿਚ ਪ੍ਰੀਤ ਕਰੇ ਪੁਰਸ਼ ਅਤੇ ਨਾਂ ਕਰੇ ਓਹਨਾਂ ਨਾਲ ਪ੍ਰੀਤ ਜੋ ਲੋਕ ਈਸ਼ਵਰ ਤੇ ਬੇਮੁਖ ਹਨ ਫਿਰ ਆਪਣਾ ਆਦਰ ਕਰਾਵਨਾ ਜਗਤ ਕੇ ਜੀਵਾਂ ਤੋਂ ਭੁਲ ਕੇ ਵੀ ਨਾ ਚਾਹੇ ਫਿਰ ਆਪ ਜਦ ਬੜਾ ਵਿਦਵਾਨ ਯਾ ਧਨੀ ਹੋਵੇ ਤੇ ਕਿਸੇ ਹੋਰ ਦਾ ਮਾਨ ਭੰਗ ਨਾ ਕਰੇ ਭਾਵ ਨਿਰਾਦਰ ਨ ਕਰੇ ਕਿਉਂਕਿ ਆਪਣੇ ਜੈਸਾ ਸਭ ਕਾ ਮਨ ਹੈ ਫਿਰ ਜਗਤ ਕੇ ਜੀਵਾਂ ਨਾਲ ਜੋ ਪਰੇਮ ਕਰਨਾ ਹੈ ਤਿਸ ਕੋ ਛਡ ਦੇਵੇ ਬਹੁਤ ਦੁਖਦਾਈ ਹੈ ਫਿਰ ਕਿਆ ਕਰੇ ਜੋ ਘਟ ਘਟ ਵਿਚ ਪ੍ਰਵੇਸ਼ ਰਿਹਾ ਹੈ ਅਕਾਲ ਪੁਰਖ ਉਸਦੇ ਪਰੇਮ ਵਿਚ ਰਪ ਰਹੇ ਭਾਵ ਲਗ ਰਹੇ ਫਿਰ ਇਕ ਜਗਾ ਭੋਜਨ ਨਾ ਕਰੇ ਸਦੀਵ ਹੀ ਅਛੇ ਸੰਤਾਂ ਵਾਲੀ ਬ੍ਰਿਤੀ ਚਾਹੀਏ ਕਿ ਪੰਛੀ ਵਾਂਗੁਰ ਬਿਰਤੀ ਧਰੇ ਜਲ ਵਤ ਨੀਵਾਂ ਹੋਕਰ ਚਲੇ ਨਾਮ ਜਪੇ ਈਸ਼ਵਰ ਕਾ॥ ੧੦੫॥

ਸ੍ਵੈਯਾ॥ ਬਿਧਿ ਏਕ ਅਨੀਤਿ ਕਰੀ ਜਗ ਮੈਂ ਸੁਭ ਸੰਤਨ ਕੇ ਤਨ ਪੇਟ ਲਗਾਏ॥ ਮੁਖ ਚਾਰਨ ਫੇਰ ਬਿਚਾਰ ਕੀਯੋ ਤ੍ਰਿਨ ਪੱਲਵ ਨਾਹਿ ਅਹਾਰ ਬਨਾਏ॥ ਅਤਿ ਦੀਨ ਮਲੀਨ ਦੁਖੀ ਨਰ ਜੇ ਤਿਨਕੇ ਘਰ ਭੀਤਰ ਭੀਖ ਮੰਗਾਏ। ਮਨ ਕੇ ਅਨੁਸਾਰ ਰਚੇ ਜਗ ਕੋ ਬਿਧਿ ਜਾਨਤ ਹੋਂ ਨਹ ਸੀਖ ਬਨਾਏ॥ ੧੦੬॥

ਟੀਕਾ—ਬ੍ਰਹਮਾਂ ਨੇ ਇਕ ਬੜੀ ਭਾਰੀ ਅਨੀਤੀ ਕੀਤੀ ਹੈ ਜੋ ਜਗਤ ਵਿਚ ਅੱਛੇ ਸੰਤ ਸਨ ਬ੍ਰਹਮ ਸਰੋਤ੍ਰੀ ਬ੍ਰਹਮ ਨੇਸ਼ਟੀ ਤਿਨਾ ਨੂੰ ਪੇਟ ਲਗਾਏ ਦਿਤੇ ਫਿਰ ਭਲਾ ਇਕ ਕੰਮ ਵਲੋਂ ਤਾਂ ਭੁਲ ਗਿਆ ਸੀ ਬ੍ਰਹਮਾ ਫਿਰ ਬੜੀ ਅਨੀਤੀ ਕੀਤੀ ਕੁਛ ਵਿਚਾਰ ਨਾ ਕੀਤਾ ਕਿਉਂਕਿ ਘਾਸ ਕੀਆਂ ਤ੍ਰਿੜਾਂ ਦਰਖਤਾਂ ਕੇ ਪਤੇ ਭੋਜਨ ਬਨਾਇ ਦਿਤਾ ਜੇ ਐਸਾਂ ਕੰਮ ਕਰਦੇ ਤਾਂ ਬੜਾ ਦਨਾ ਸੀ ਪ੍ਰੰਤੂ ਭੁਲਦਾ ਹੀ ਗਿਆ ਫਿਰ ਕਿਆ ਅਨੀਤੀ ਕੀ ਜੋ ਅਤਸੈ ਕਰਕੇ ਗਰੀਬ ਤੇ ਮਲਨ ਰਹਿਣ ਵਾਲੇ ਗਲੀਜ਼ ਆਦਮੀ ਕੰਗਾਲ ਦੁਖੀ ਤਿਨਾ ਦੇ ਘਰ ਵਿਚ ਭਿਛਯਾ ਮੰਗਾਂਵਦਾ ਹੈ ਐਸਾ ਮਨ ਮਤੀ ਹੈ ਬ੍ਰਹਮਾ ਆਪਣੇ ਮਨ ਕੇ ਅਨੁਸਾਰ ਜਗਤ ਕੇ ਕਾਰਨ ਬਣਾਇ ਸੋ ਮੈਂ ਏਹ ਜਾਣਦਾ ਹਾਂ ਕਿ ਬ੍ਰਹਮਾਂ ਨੂੰ ਕਿਸੇ ਨੇ ਸਿਖਯਾ ਨਹੀਂ ਦਿਤੀ ਵ ਬ੍ਰਹਮਾਂ

Sri Satguru Jagjit Singh Ji Elibrary NamdhariElibrary@gmail.com

ਨੂੰ ਕਿਸੇ ਨੇ ਸਿਖ ਨਹੀਂ ਬਣਾਇਆ ਹੈ ਬੇ ਮਰਸ਼ਦ ਹੈ ਬ੍ਰਹਮਾ ॥ ੧੦੬ ॥

**ਸ੍ਵੈਯਾ॥ ਸੁਭ ਸੰਤ ਕਰੇ ਤਪਸਾ ਤਨਕੈ ਮਨਕੈ ਹਰਿ ਸੇਵਤ ਧਯਾਨ ਲਗਾਏ। ਜਿਨਕੇ ਤਦ ਤੀਰਥ ਤੇ ਅਤਿ ਪਾਵਨ ਹੇਰਨ ਤੇ ਜਨ ਦੂਖ ਪਲਾਏ। ਬਿਧਿ ਨੀਤਿ ਬਿਚਾਰ ਕਿਯੋ ਮਨੰ ਮੈ ਸੁਭ ਸੰਤਨਕੇ ਤਬ ਪੇਟ ਲਗਾਏ। ਮਿਸ ਭੋਜਨ ਕੇ ਸੁ ਮਿਟੇ ਘਰ ਮੈਂ ਪਦ ਤੀਰਥ ਤੇ ਜਨ ਪਾਪ ਘਟਾਏ॥ ੧੦੭॥**

ਟੀਕਾ—ਅਛੇ ਸੰਤ ਜੋ ਹਨ ਸੋ ਜੰਗਲ ਵਿਚ ਜਾ ਕਰਕੇ ਮਨ ਕਰਕੇ ਤਨ ਕਰਕੇ ਤਪਸਯਾ ਕਰਦੇ ਹਨ ਫਿਰ ਈਸ਼ਵਰ ਕਾ ਸੇਵਨ ਕਰਦੇ ਹਨ ਧਯਾਨ ਲਗਾ ਕਰ ਓਹਨਾਂ ਸੰਤਾਂ ਦੀ ਉਪਮਾ ਵੀ ਦਸਦੇ ਹਨ ਕਿ ਜਿਨਾਂ ਦੇ ਚਰਨ ਕਵਲ ਅਤਸੈ ਕਰਕੇ ਤੀਰਥਾਂ ਨਾਲੋਂ ਭੀ ਪਵਿਤਰ ਹਨ ਜੇਹੜੇ ਦਰਸ਼ਨ ਕਰਨ ਪਰਸਨ ਕਰਨ ਓਹਨਾਂ ਜਨਾਂ ਦੇ ਦੁਖ ਸਭ ਦੂਰ ਹੋ ਜਾਂਦੇ ਹਨ ਏ ਬ੍ਰਹਮਾ ਨੇ ਬੜਾ ਵਿਚਾਰ ਕੀਤਾ ਹੈ ਜੋ ਸੰਤਾਂ ਕੋ ਪੇਟ ਲਗਾਯਾ ਹੈ ਬਹੁਤ ਅਛੀ ਰਾਜਨੀਤ ਵਿਚਾਰੀ ਸੁ ਫਿਰ ਜੋ ਅਛੇ ਸੰਤਾਂ ਨੂੰ ਪੇਟ ਲਗਾਏ ਸਰੀਰ ਨਾਲ ਜੋ ਭੋਜਨ ਦੇ ਬਹਾਨੇ ਵਾਸਤੇ ਫਿਰਨਗੇ ਲੋਕਾਂ ਦੇ ਘਰਾਂ ਵਿਚ ਤੇ ਜੀਵਾਂ ਕੀ ਕਲਯਾਨ ਹੋਵੇਗੀ ਜੋ ਚਰਨ ਕਮਲ ਤੀਰਥ ਕੇ ਸਦਰਸ਼ ਹੈ ਓਹ ਜਨਾਂ ਦੇ ਪਾਪਾਂ ਨੂੰ ਦੂਰ ਕਰਨਗੇ ॥ ੧੦੭ ॥

**ਸ੍ਵੈਯਾ॥ ਮਾਨ ਅਮਾਨ ਨਹੀਂ ਜਿਨ ਕੋ ਸੁ ਨਹੀ ਧਨ ਨੀਰ ਤ੍ਰਿਖਾ ਉਹ ਭਾਰੀ। ਜੀਵਨ ਆਸ ਨਹੀਂ ਉਰ ਮੈਂ ਪੁਨ ਕਾਲਹ ਕੀ ਮਨ ਚਿੰਤ ਬਿਸਾਰੀ। ਹੈ ਉਰਮਾਂਹ ਖਿਮਾ ਪਰਿ ਪੂਰਨ ਤੂਰਨ ਗਯਾਨ ਕਲਾ ਉਰਧਾਰੀ। ਸੰਤ ਇਸੇ ਵਿਰਲੇ ਪਿਖੀਏ ਭਵ ਮੰਡਲ ਮੈ ਜਨ ਕੋ ਸੁਖ ਕਾਰੀ॥ ੧੦੮॥**

ਟੀਕਾ—ਆਦਰ ਅਤੇ ਨਿਰਾਦਰ ਪਰਮੇਸ਼ਰ ਦੇ ਦਾਸਾਂ ਨੂੰ ਨਹੀਂ ਹੈ ਜਗਤ ਕੇ ਜੀਵਾਂ ਦਾ ਫਿਰ ਧਨ ਨੂੰ ਪਾਣੀ ਵਤ ਜਾਣਦੇ ਹ ਨ ਇਸ ਦੀ ਬਹੁਤ ਇੱਛਾ ਨਹੀਂ ਕਰਦੇ ਵ ਧਨ ਜੋ ਹੈ ਪਾਣੀ ਵਤ ਚਲੇ ਜਾਣ ਵਾਲਾ ਤਿਸ ਕੋ ਨਹੀਂ ਗ੍ਰਹਿਣ ਕਰਦੇ ਤੇ ਮਿਲੇ ਤਾਂ ਜਲ ਛਕ ਲੈਂਦੇ ਹਨ ਜਦ ਜੰਗਲ ਵਿਚ ਤਪਸਯਾ ਕਰਦਿਆਂ ਪਯਾਸ ਲਗੇ ਤਾਂ ਫਿਰ ਸੰਤ ਕੈਸੇ ਹਨ ਜਿਹਨਾਂ ਨੂੰ ਆਪਣੇ ਜੀਵਨ ਕੀ ਵੀ ਕੁਛ ਆਸ਼ਾ ਨਹੀਂ ਹੈ ਰਿਦੇ ਵਿਚ ਪੁਨਾ ਜਮ ਧਰਮ ਰਾਜਾ ਕਾ ਡਰ ਨਹੀਂ ਸਭ ਚਿੰਤਾ ਦੂਰ ਕਰ ਛਡੀ ਹੈ ਇਕ ਹੈ ਤਾਂ ਰਿਦੇ ਵਿਚ ਖਿਮਾਂ ਭਲੀ ਪ੍ਰਕਾਰ ਪੂਰਨ ਹੋਈ ਹੋਈ ਤੇ ਜਲਦੀ ਨਾਲ ਗਯਾਨ ਦੀ ਕਲਾ ਰਿਦੇ ਵਿਚ ਧਾਰਨ ਕਰੀ ਹੈ ਭਾਈ ਜੀ ਕਹਿੰਦੇ ਹਨ ਕਿ ਐਸੇ ਸੰਤ ਜਗ ਵਿਚ ਕਿਤੇ

Sri Satguru Jagjit Singh Ji Elibrary NamdhariElibrary@gmail.com

ਵਿਰਲ ਹੀ ਹਨ ਮੇਰੇ ਵਰਗੇ ਦਾਸਾਂ ਨੂੰ ਸੁਖ ਦੇਣ ਵਾਲੇ ਜੋ ਹਨ ॥ ੧੦੮ ॥

**ਸ੍ਵੈਯਾ ॥ ਜਗ ਸੂਰਜ ਆਤਪ ਦੂਖ ਮਿਟੇ ਫਲ ਸੂਖ ਸੁ ਨਿੰਮ੍ਰਿਤ ਹੈ ਜਗ ਮਾਹੀ । ਪਿਕ ਵਾਕ ਰਟੇ ਸੁਭ ਬੈਠ ਜਹਾਂ ਨਿਜ ਬੋਲ ਸੁ ਸੌਰਭ ਹੈ ਜਗ ਮਾਹੀ । ਸੁਭ ਸਾਧਨ ਪੱਲਵ ਛਾਜਤ ਹੈ ਜਲ ਸਾਂਤਿ ਭਰੇ ਅਲ ਬਾਲਨ ਮਾਹੀ । ਚਲ ਰੇ ਮਨ ਢੀਲ ਕਰੋ ਨਾ ਅਬੈ ਸੁਭ ਸੰਤ ਰਸਾਲਨ ਕੇ ਬਨ ਮਾਹੀ ॥ ੧੦੯ ॥**

ਟੀਕ—ਅਬ ਜਗਤ ਨੂੰ ਸੂਰਜ ਕੇ ਬਰਾਬਰ ਦ੍ਰਿਸ਼ਟਾਂਤ ਦੇਤੇ ਹੈਂ ਕਿ ਏਹ ਜੋ ਸੰਸਾਰ ਹੈ ਸੋ ਸੂਰਜ ਕੇ ਬਰਾਬਰ ਤਪ ਰਿਹਾ ਹੈ ਧੂਪ ਇਸਦੀ ਆਸਾ ਤ੍ਰਿਸ਼ਨਾ ਈਰਖਾ ਮਮਤਾ ਦੀ ਹੈ ਦੁਖ ਜਨਮ ਮਰਨ ਕਾ ਏਹ ਸਭ ਦੂਰ ਹੋ ਜਾਂਦਾ ਹੈ, ਸੋ ਫਲ ਸੁਖ ਰੂਪ ਹੈ ਸੰਤ ਮਹਾਤਮਾ ਜੋ ਨਿੰਮਰਤਾ ਧਾਰਦੇ ਹਨ ਜਗਤ ਵਿਚ ਅੰਬ ਕੇ ਬਰਾਬਰ ਤਿਨ੍ਹਾਂ ਉਤੇ ਕੋਕਲ ਬੋਲ ਰਹੀ ਹੈ ਸੁੰਦਰ ਬਾਣੀ ਸੰਤਾਂ ਕੀ ਰਸਨਾਂ ਤੇ ਜੋ ਨਿਕਲ ਰਹੀ ਹੈ ਫਿਰ ਅੰਬਾਂ ਵਿਚ ਵੀ ਸੁਗੰਧੀ ਅਤੇ ਸੰਤਾਂ ਦੇ ਬਚਨਾਂ ਵਿਚ ਵੀ ਸੁਗੰਧੀ ਹੈ, ਪਤਰ ਜਪ ਤਪ ਸ੍ਰਵਣ ਮੰਨਣ ਨਿਧਯਾਸਨ ਸ਼ਾਂਤੀ ਮੈਤ੍ਰੀ ਪੱਤੇ ਬਿਰਾਜਦੇ ਹਨ, ਜਲ ਸ਼ਾਂਤੀ ਰੂਪੀ ਹੈ ਆਲ ਬਾਲ ਆਸ ਪਾਸ ਖਾਈ ਕੀ ਨਯਾਈਂ ਚਲ ਹੇ ਮਨ ਦੇਰੀ ਨਾ ਕਰ ਹੁਣ ਅਛੇ ਜੋ ਸੰਤਾਂ ਕਾ ਸੰਗ ਹੈ ਬਣ ਵਿਚ ॥ ੧੦੯ ॥

**ਦੋਹਰਾ ॥ ਵਿਦਯਾ ਧਨ ਕੋ ਪਾਇ ਕਰ ਨਿੰਮ੍ਰਿਤ ਪੁਰਖ ਉਦਾਰ ॥ ਕੀਰਤਿ ਯਾ ਜਗ ਨੈ ਘਨੀ ਬਹੁਰੋ ਸੂਖ ਅਪਾਰ ॥੧੧੦॥**

ਟੀਕਾ—ਵਿਦਯਾ ਰੂਪੀ ਦੌਲਤ ਜੋ ਹੈ ਵਿਦਯਾ ਵੀ ਤੇ ਦੌਲਤ ਵੀ ਜੋ ਇਸ ਕੋ ਪਾਕਰ ਕੇ ਨਿੰਮਰਤਾ ਸੰਜੁਗਤ ਆਦਮੀ ਰਹੇ ਜੋ ਬੜਾ ਉਤਕ੍ਰਿਸ਼ਟ ਹੁੰਦਾ ਹੈ ਜੈਸੇ ਫਲ ਕੋ ਪਾਕਰ ਕੇ ਬ੍ਰਿਛ ਨੀਂਵਦਾ ਹੈ ਉਸ ਆਦਮੀ ਕੀ ਕੀਰਤੀ ਇਸ ਜਗਤ ਵਿਚ ਬੜੀ ਹੁੰਦੀ ਹੈ ਪੁਨਾ ਉਸੀ ਤੇ ਉਸ ਨੂੰ ਸੁਖ ਬੜਾ ਹੁੰਦਾ ਹੈ ਹਲਤੇ ਪਲਤ ਮੁਖ ਉਜਲੇ ॥ ੧੧੦ ॥

**ਸ੍ਵੈਯਾ ॥ ਫਲ ਭੂਰ ਭਏ ਤਰ ਭੂਮ ਲਟੇ ਅਰਥੀ ਨਹਿ ਲੇਵਨ ਮੈ ਦੁਖ ਪਾਵੈ। ਨਵ ਨੂਤਨ ਨੀਰ ਭਰੇ ਮਦਰਾ ਲਟ ਭੂਮ ਵਿਖੈ ਜਲ ਧਾਰ ਬਹਾਵੈ॥ ਨਰ ਉਤਮ ਸੰਪਤਿ ਪਾਇ ਭਲੇ ਤਜ ਊਰਧਤਾ ਉਪਕਾਰ ਕਮਾਵੈ॥ ਗੁਣ ਨੀਰ ਫਲੰ ਧਨ ਦਾਨ ਕਰੇ ਸੁਖ ਸੰਪਤ ਔ ਜਗ ਮੈ ਸੁਖ ਪਾਵੈ॥ ੧੧੧ ॥**

ਟੀਕਾ—ਭਾਈ ਸਾਹਿਬ ਜੀ ਅਬ ਉੱਤਮ ਆਦਮੀਆਂ ਦੀ ਵਾਰਤਾ ਸੁਣਾਂਵਦੇ ਕਿ ਉੱਤਮ ਪੁਰਸ਼ ਹੁੰਦੇ ਹਨ ਓਹ ਬ੍ਰਿਛ ਕੀ ਤਰ੍ਹਾਂ ਕਿ ਬ੍ਰਿਛ ਕੈਸੇ ਹੁੰਦਾ ਹੈ ਜੋ ਬਹੁਤ ਫਲ ਐਸੇ ਬ੍ਰਿਛ ਨੂੰ ਲਗਦਾ ਹੈ ਤਾਂ ਧਰਤੀ ਨਾਲ ਲਟਕ ਪੈਂਦਾ ਹੈ ਅਰਥੀ ਜਿਹਨਾਂ ਰਾਹੀਆਂ ਨੂੰ ਭੁਖ ਲਗੀ ਹੋਵੇ ਸੋ ਖਾਣ ਵਿਚ ਦੁਖ ਨਹੀਂ ਪਾਂਵਦੇ ਬੜਾ ਸੁਖੀ ਤੋੜ ਤੋੜ ਕੇ ਛਕਦੇ ਹਨ, ਫਿਰ ਨਵੀਨ ਜਲ ਦੇ ਨਾਲ ਜੋ ਬਦਲ ਭਰਿਆ ਹੁੰਦਾ ਹੈ ਓਹ ਧਰਤੀ ਦੇ ਨਾਲ ਪਾਸ ਆ ਕਰਕੇ ਜਲ ਦੀ ਧਾਰਾ ਵਰਸਾਂਦਾ ਹੈ ਇਸੀ ਤਰਾਂ ਉੱਤਮ ਪੁਰਸ਼ ਸੰਪਤ ਕੋ ਪਾਕਰ ਭਲੀ ਤਰਾਂ ਛਡਕੇ ਹੰਕਾਰ ਤਾਈ ਕੋ ਤੇ ਉਪਕਾਰ ਕਰਦੇ ਹਨ, ਏਹ ਸਾਰਿਆਂ ਦਾ ਗੁਣ ਹੈ ਜੋ ਕਿ ਬ੍ਰਿਛ ਫਲ ਪਾਕਰ ਨੀਉਂਦਾ ਹੈ ਬਦਲ ਜਲ ਧਾਰ ਕਰ ਨੀਉਂਦਾ ਹੈ, ਉਤਮ ਪੁਰਸ਼ ਦਾਨ ਕਰਦਾ ਹੈ ਧਨ ਦਾ ਇਸ ਪ੍ਰਕਾਰ ਫਿਰ ਬਹੁਤ ਸੁਖ ਸੰਪਤ, ਪ੍ਰਾਪਤ ਹੁੰਦੀ ਹੈ ਅਤੇ ਜਗਤ ਵਿਚ ਸੁਖ ਪਾਂਵਦਾ ਹੈ ਲੋਕ ਜਸ ਕਰਦੇ ਹਨ ॥ ੧੧੧ ॥

**ਦੋਹਰਾ॥ ਗੁਣੀ ਗੁਰੂ ਉਪਦੇਸ਼ ਕੋ ਰਖਵੋ ਮਨ ਨਿਰਧਾਰ। ਬੰਧਨ ਤੇਰੇ ਜਗਤ ਕੇ ਮਿਟਤ ਨ ਲਾਗੇ ਬਾਰ॥ ੧੧੨ ॥**

ਟੀਕਾ--ਗੁਨਵਾਨ ਅਤੇ ਗੁਰੂ ਜੀ ਕਾ ਉਪਦੇਸ਼ ਮਨ ਵਿਚ ਰਖੋ ਹੇ ਜੀਵੋ ਨਿਰਨੈ ਕਰਕੇ ਫਿਰ ਹੇ ਜੀਵ ਤੇਰੇ ਸੰਸਾਰ ਹੂਕੇ ਸੰਪੂਰਨ ਵਿਘਨ ਦੂਰ ਹੁੰਦਿਆਂ ਦੇਰੀ ਨਾ ਲਗੇਗੀ ॥ ੧੧੨ ॥

**ਸਵੈਯਾ॥ ਗੁਰ ਬੈਨ ਮਹਾਤਮ ਹਾਰਿਕ ਜੋ ਵਹਿ ਆਇ ਧਰੇ ਅਬ ਕਾਨ ਹਮਾਰੇ॥ ਇਕ ਮੋਹੁ ਹੁਤੋ ਮਮ ਸੰਗ ਸਦਾ ਗੁਰੂ ਬੈਨ ਸੁ ਪੂਤ ਵਹੀ ਹਨ ਡਾਰੇ ਅਬ ਤੂਰਣ ਮੋਖ ਗਹਯੋ ਹਮ ਕੋ ਨਹਿੰ ਛਾਡਤ ਹੈ ਬਿਨ ਪ੍ਰਾਨ ਨਿਕਾਰੇ। ਤ੍ਰਿਸ਼ਨੇ ਅਪਰਾਧ ਖਿਮਾ ਕਰੀਏ ਹਮ ਛਾਡ ਚਲੇ ਅਬ ਸੰਗ ਤਿਹਾਰੇ॥ ੧੧੩ ॥**

ਟੀਕਾ—ਭਾਈ ਜੀ ਕਹਿੰਦੇ ਕਿ ਜੋ ਗੁਰੂ ਮਹਾਰਾਜ ਕੇ ਬਚਨ ਹਨ ਮਹਾਤਮਾ ਬੜੇ ਅੰਧਕਾਰ ਕੋ ਦੂਰ ਕਰਨ ਵਾਲੇ ਓਹ ਹੁਣ ਆ ਕਰਕੇ ਮੇਰੇ ਕੰਨਾਂ ਵਿਚ ਪ੍ਰਵੇਸ਼ ਕਰਨ, ਮੋਹ ਅਗਯਾਨ ਸਦਾ ਹੀ ਮੇਰੇ ਨਾਲ ਰਹਿਣ ਵਾਲਾ ਸੀ ਤੇ ਗੁਰੂ ਜੋ ਹਨ ਮੇਰੇ ਉਹਨਾਂ ਦੇ ਬਚਨ ਜੋ ਬੜੇ ਪਵਿਤਰ ਤੇ ਪਵਿਤਰ ਹਨ, ਓਹ ਮੋਹ ਓਹਨਾਂ ਨੇ ਦੂਰ ਕਰ ਦਿਤਾ ਹੈ, ਹੁਣ ਜਲਦੀ ਨਾਲ ਮੋਖ ਨੇ ਮੈਨੂੰ ਗ੍ਰਹਿਨ ਕੀਤਾ ਹੈ ਜਿਨਾਂ ਚਿਰ ਪ੍ਰਾਨ ਨਹੀਂ ਨਿਕਲਦੇ ਓਨਾਂ ਚਿਰ ਏ ਮੇਰਾ ਸੰਗ ਨਹੀਂ ਛਡਦੀ ਅਥਵਾ ਅਗਯਾਨ ਰੂਪੀ ਜੋ ਰਾਖਸ਼ ਹੈ ਤਿਸ ਕੇ ਪ੍ਰਾਨ ਕਢੇ ਤੋਂ ਬਿਨਾਂ ਨਹੀਂ

ਛਡੇਗਾ ਭਾਵ ਦੂਰ ਕਰ ਦੇਵੇਗੀ, ਹੇ ਤ੍ਰਿਸ਼ਨਾ ਹੁਣ ਤੂੰ ਮੇਰਾ ਗੁਨਾਹ ਮਾਫ ਕਰ ਤੇ ਮੈਨੂੰ ਬਖਸ਼ ਲੈ ਕਿਉਂਕਿ ਮੈਂ ਤੇਰਾ ਸੰਗ ਜੋ ਛਡ ਦਿਤਾ ਹੈ ਤਾਂ ਤੂੰ ਵੀ ਮੇਰਾ ਸੰਗ ਛਡਕੇ ਚਲੀ ਜਾ ॥ ੧੧੩ ॥

**ਸਵੈਯਾ ॥ ਤਨ ਪ੍ਰਾਨਨ ਆਤਮ ਹੈ ਜਗ ਮੈ ਦ੍ਰਿਗ ਆਦਿਕ ਆਤਮ ਮੂਲ ਨਾ ਹੋਈ ॥ ਨਹਿੰ ਬੁਧਿ ਨ ਅਨੰਦ ਕੋ ਸੁ ਸੁਨੋ ਅਵਿ-ਭਾਸਕ ਦੀਪ ਅਹੇ ਜਨ ਸੋਈ ॥ ਤਨ ਆਦਿਕ ਪੰਚ ਅਨਾਤਮਤਾ ਪੁਨ ਬੇਦ ਪੁਰਾਨ ਕਹੇ ਸਭ ਕੋਈ। ਭਵ ਫੰਧਹ ਕੀ ਦ੍ਰਿੜ ਫਾਸ ਹੁਤੀ ਗੁਰ ਬੈਨ ਅਮੀ ਖਿਨ ਭੀਤਰ ਖੋਈ ॥ ੧੧੪ ॥**

ਟੀਕਾ—ਸਰੀਰ ਵੀ ਆਤਮਾ ਨਹੀਂ ਪਰਾਨ ਵੀ ਆਤਮਾ ਨਹੀਂ ਜਗਤ ਵਿਚ, ਪੁਨ ਹੈ, ਪੁਨਾ ਨੇਤਰ ਆਦਿਕ ਜੋ ਇੰਦਰੇ ਹਨ ਸ ਵੀ ਆਤਮਾ ਕਦਾਚਿਤ ਨਹੀਂ ਹੁੰਦੇ ਹਨ, ਪੁਨਿ ਬੁਧਿ ਵੀ ਆਤਮਾ ਨਹੀਂ ਹੈ ਫਿਰ (ਅਨੰਦ ਕੋਸ) ਅਗਯਾਨ ਵੀ ਆਤਮਾ ਨਹੀਂ ਹੈ ਹੇ ਭਾਈ ਸੁਨ ਤੁਮ (ਅਵਿਦਭਾਸਕ) ਜਾਨਨ ਵਾਲਾ ਏਨਾ ਸਾਰਿਆਂ ਦੇ ਦੀਵੇ ਦੀ ਨਯਾਈਂ ਪ੍ਰਕਾਸ਼ ਕਰਨ ਵਾਲਾ ਹੈਂ ਹੇ ਜਨੋ ਸੋਈ ਹੀ, ਫਿਰ ਜੋ ਸਰੀਰ ਆਦਿਕ ਪੰਜ ਓਹ ਪਿਛਲੇ ਹਨ ਸੋ (ਅਨਾਤਮਾ) ਭਾਵ ਆਤਮਾ ਨਹੀਂ, ਫੇਰ ਬੇਦ ਪੁਰਾਨ ਆਦਿਕ ਸਾਰੇ ਕਹਿੰਦੇ ਹਨ ਭਾਈ ਸਾਹਿਬ ਭਾਈ ਗੁਲਾਬ ਸਿੰਘ ਜੀ ਕਹਿੰਦੇ ਹਨ ਕਿ ਇਸ ਸੰਸਾਰ ਦੀ ਫਸਾਵਨ ਵਾਲੀ ਫਾਹੀ ਹੈਗੀ ਸੀ ਬੜੀ ਕਰੜੀ ਜੋ ਮੇਰੇ ਗੁਰੂ ਸ੍ਰੀ ਮਾਨ ਮਾਨ ਸਿੰਘ ਜੀ ਜੋ ਦਸਮ ਪਾਤਸ਼ਾਹ ਦੇ ਹਜ਼ੂਰ ਰਹੇ ਹਨ ਉਹਨਾਂ ਦੇ ਜੋ ਕੋਮਲ ਕੋਮਲ ਬਚਨ ਹਨ ਮੈਨੂੰ ਕਹੇ ਹੋਏ ਭਾਵ ਬੜਾ ਅਛਾ ਹਿਤ ਉਪਦੇਸ਼ ਕੀਤਾ ਹੋਇਆ ਉਹ ਹੋਇਆ ਤਲਵਾਰ ਦੀ ਨਯਾਈਂ ਉਸ ਨੇ ਸਾਰੇ ਸੰਸਾਰ ਕੇ ਦੁਖ ਵ ਕਲੇਸ ਅੰਦੇਸੇ ਨਾਸ ਕਰ ਦਿਤੇ ਹਨ ਇਕ ਛਿਨ ਵਿਚ ॥ ੧੧੪ ॥

**ਸ੍ਵੈਯਾ ॥ ਗੁਰ ਬੇਦ ਸੁ ਤੀਰਥ ਨੇਮ ਮਹਾ ਬ੍ਰਤ ਸੰਜਮ ਜੇ ਪਿਤ ਮਾਤ ਹਮਾਰੇ ॥ ਹਰਿ ਭੂਮ ਸੁ ਨੀਰ ਸਮੀਰ ਬਲੀ ਪੁਨ ਪਾਵਕ ਔਰ ਅਕਾਸ਼ ਉਦਾਰੇ ॥ ਤੁਮਰੇ ਉਧਕਾਰ ਸੁ ਗਯਾਨ ਲਏ ਦ੍ਰਿੜ ਬੰਧਨ ਥੇ ਅਬ ਦੂਰ ਨਿਵਾਰੇ। ਸਭ ਕੋ ਅਭਿ ਬੰਬਨ ਹੈ ਹਮਰੀ ਹਮ ਹੂ ਪ੍ਰਮਾਤਮ ਧਾਮ ਸਿਧਾਰੇ ॥ ੧੧੫ ॥**

ਟੀਕਾ—ਗੁਰੂ ਅਤੇ ਦੇਵ ਅਤੇ ਤੀਰਥ ਨੇਮ ਬੜੇ ਬ੍ਰਤ ਸੰਜਮ ਜੋ ਇੰਦਰੇ ਕੋ

Sri Satguru Jagjit Singh Ji Elibrary NamdhariElibrary@gmail.com

ਦਮਨ ਕਰਨਾ ਹੈ ਫਿਰ ਪਿਤਾ ਮਾਤਾ ਜੋ ਸਾਡੇ ਹਨ, ਹਰਿ ਵਿਸ਼ਨ ਭਗਵਾਨ ਧਰਤੀ ਜਲ ਪਵਣ ਬੜੇ ਬਲ ਵਾਲੇ ਫਿਰ ਅਗਨੀ ਔਰ ਅਕਾਸ਼ ਉਤਕ੍ਰਿਸ਼ਟ ਜੋ ਹਨ ਇਤਯਾਦਕ ਹੋ ਪੰਜ ਤਤ ਹਨ ਇਨ ਕੋ ਭਾਈ ਜੀ ਕਹਿੰਦੇ ਹਨ ਕਿ ਤਮਾਰਾ ਉਪਕਾਰ ਨਹੀਂ ਭੁਲਾਯਾ ਜਾਂਦਾ ਹੈ, ਤੁਮਾਰੇ ਉਪਕਾਰ ਸੇ ਮੈਂ ਗਯਾਨ ਕੋ ਲਿਆ ਹੈ ਜੋ ਸੰਸਾਰ ਕੇ ਬੜੇ ਤਕੜੇ ਫਾਸ ਸੀ ਮੈਨੂੰ ਪਏ ਹੋਏ ਸੋ ਅਬ ਦੂਰ ਕਰ ਦਿਤੇ ਹਨ, ਹੁਣ ਮੇਰੀ ਸਾਰਿਆਂ ਕੋ ਨਮਸਕਾਰ ਹੈ ਕਿਉਂਕਿ ਅਸੀਂ ਹੁਣ ਉਸ ਅਕਾਲ ਪੁਰਖ ਦੇ ਘਰ ਸਵੇਸਰੂਪ ਵਿਚ ਚਲੇ ਹਾਂ ਅਨੰਦ ਲਵਾਂਗੇ ਦੁਖ ਦੂਰ ਕੀਤੇ ਹਨ ॥ ੧੧੫ ॥

## ਸ੍ਵੈਯਾ ॥ ਜੌ ਜਗ ਮਾਹਿਂ ਹਰੇ ਤਮਕੋ ਰਵਿ ਤੌ ਜਗ ਮਾਹਿਂਸੁ ਤਾਪ ਲਗਾਈ। ਚੰਦ ਤਮਿਸ੍ਰ ਕੋ ਹਨ ਹੈ ਤਿਨ ਤਾਪ ਨਹੀਂ ਤਮ ਪੂਰਨ ਜਾਈ। ਪੂਰਨ ਹੀ ਤਮ ਮਾਰ ਇਹਾ ਗੁਰਬੇਦ ਸੁ ਆਨੰਦ ਨਾਂਹਿ ਸਮਾਈ॥ ਯਾ ਜਗ ਮੈ ਗੁਰ ਬੇਦਨ ਕੀ ਉਪਮਾ ਸਮ ਢੂੰਢਤ ਨਾਕ ਛਪਾਈ॥ ੧੧੬॥

ਟੀਕਾ—ਜੇਹੜਾ ਸੂਰਜ ਇਸ ਸੰਸਾਰ ਦੇ ਅੰਧਕਾਰ ਨੂੰ ਦੂਰ ਕਰਦਾ ਫਿਰ ਓਹੋ ਹੀ ਸੂਰਜ ਇਸ ਜਗਤ ਵਿਚ ਬੜੀ ਧੁਪ ਲਗਾਂਵਦਾ ਹੈ, ਫਿਰ ਜੋ ਚੰਦਰਮਾ, ਤਮਿਸ਼ਵ ਅੰਧਕਾਰ ਨੂੰ ਦੂਰ ਕਰਦਾ ਹੈ ਪ੍ਰੰਤੂ ਤਿਸ ਵਿਚ ਇਤਨੀ ਤਪਸ਼ ਨਹੀਂ ਹੈ ਪਰ ਸਾਰੇ ਅੰਧਕਾਰ ਨੂੰ ਦੂਰ ਨਹੀਂ ਕਰ ਸਕਦਾ, ਸਾਰੇ ਹੀ ਅੰਧਕਾਰ ਕੋ ਨਾਸ ਕਰਕੇ ਭਾਵ ਅਗਯਾਨ ਕੋ ਦੂਰ ਕਰਕੇ ਸ੍ਰੀ ਗੁਰੂ ਅਤੇ ਵੇਦ ਨੇ ਪੂਰਨ ਅਨੰਦ ਵਿਚ ਸਮਾਈ ਕਰਾਇ ਦਿਤੀ ਹੈ ਇਸ ਸੰਸਾਰ ਉਤੇ ਗੁਰੂ ਕੇ ਸਮਾਨ ਅਤੇ ਵੇਦ ਕੇ ਸਮਾਨ ਮੈਂ ਕੋਈ ਉਪਮਾ ਨਹੀਂ ਲਭਦਾ, ਕੁਛ ਵੀ ਇਸ ਬਰਾਬਰ ਨਹੀਂ ਤਿਨਕੇ ॥ ੧੧੬ ॥

## ਦੋਹਰਾ ॥ ਕੈ ਪਦਵੀ ਹਰਿ ਭਗਤਿ ਹੈ ਕੈ ਅਰਿ ਕੇ ਦਲ ਨਾਸ। ਕੈ ਸਿਰਲੋ ਧਨ ਦਾਨ ਹੈ ਇਨਬਿਨ ਕ੍ਰਿਮ ਸਮ ਵਾਸ॥੧੧੭॥

ਟੀਕਾ—ਭਾਈ ਅਬ ਆਦਮੀ ਦੇ ਵਾਸਤੇ ਉਪਦੇਸ਼ ਕਰਦੇ ਹਨ ਕਿ ਇਸ ਸੰਸਾਰ ਵਿਚ ਆਨ ਕਰਕੇ ਕਿਆ ਕਰੇ, ਏਹ ਕਰੇ, ਯਾ ਤੇ ਇਸ ਪਦਵੀ ਤੇ ਪ੍ਰਾਪਤ ਹੋਵੇ ਕਿ ਉਸ ਅਕਾਲ ਪੁਰਖ ਦੀ ਭਗਤੀ ਕਰੇ ਯਾ ਸ਼ਤਰੂਆਂ ਦੀ ਫੌਜ ਨਾਸ ਕਰੇ ਰਣ ਭੂਮਕਾ ਵਿਚ ਲੜਕੇ ਪਿਛੇ ਨੂੰ ਨਾ ਦੌੜੇ ਨਾ ਕਾਇਰ ਬਨੇ ਹੈ ਯਾ ਸਿਰ ਤਾਈਂ ਧਨ ਦਾਨ ਕਰ ਦੇਵੇ ਏਹਨਾਂ ਤਿਨਾਂ ਕੰਮਾਂ ਤੋਂ ਬਿਨਾਂ ਆਦਮੀ ਕੀੜਿਆਂ ਦੇ ਸਮਾਨ ਜਗਤ ਵਿਚ ਵਸ ਰਿਹਾ ਹੈ ॥ ੧੧੭ ॥

**ਸ੍ਵੈਯਾ॥ ਹਰਿ ਨਾਮ ਭਜੈ ਜਗ ਭੀਤਰ ਜੋ ਜਨਨੀ ਸੁਤ ਯਾ ਬਿਧਿ ਕੋ ਉਪਜਾਏ॥ ਅਥਵਾ ਜਨਨੀ ਸੁਤ ਸੋਈ ਜਨੇ ਰਣ ਭੀਤਰ ਜੋਂ ਅਰਿ ਕੇ ਦਲ ਘਾਏ॥ ਸਿਰ ਲੌ ਧਨ ਦਾਨ ਕਰੈ ਜਗ ਮੈ ਸੁਭ ਕੈ ਜਨਨੀ ਸੁਤ ਜੋ ਨਿਪਜਾਏ॥ ਇਨ ਤੀਨ ਬਿਨਾ ਕ੍ਰਿਮ ਕੇ ਸੁਤ ਕੋ ਹਿਤ ਜੋਬਨ ਨਾਂਹਿ ਅਕਾਜ ਗਵਾਏ॥ ੧੧੮॥**

ਟੀਕਾ—ਅਗੇ ਅਬ ਇਸ ਦੋਹਰੇ ਦਾ ਭਾਵ ਜ਼ਰਾ ਖੋਲ੍ਹਕੇ ਕਹਿੰਦੇ ਹਨ ਕਿ ਜੇਹੜਾ ਈਸ਼ਵਰ ਦਾ ਨਾਮ ਭਜੇ ਇਸ ਸੰਸਾਰ ਵਿਚ ਯਾ ਤੇ ਮਾਤਾ ਪੁਤ੍ਰ ਇਸ ਤਰ੍ਹਾਂ ਦਾ ਜਗਤ ਵਿਚ ਜਣੇ ਜਾ ਤੇ ਮਾਤਾ ਪੁਤਰ ਸੋ ਪ੍ਰਗਟ ਕਰੇ ਜੋ ਰਣ ਭੂਮਿਕਾ ਵਿਚ ਵੈਰੀਆਂ ਦੇ ਦਲ ਨੂੰ ਨਾਸ ਕਰੇ ਆਪ ਅਗੇ ਹੋ ਕਰਕੇ ਲੜ ਕੇ ਮਰ ਜਾਵੇ ਪਿਛੇ ਨਾ ਚਰਨ ਕਰੇ ਯਾ ਸਿਰ ਪ੍ਰਯੰਤ ਧਨ ਨੂੰ ਦਾਨ ਕਰ ਦੇਵੇ ਜਗਤ ਵਿਚ ਸ਼ੁਭ ਕਰਮ ਕਰੇ ਇਸ ਤਰ੍ਹਾਂ ਕਾ ਮਾਤਾ ਪੁਤਰ ਪਰਗਟ ਕਰੇ, ਇਨਾਂ ਤਿੰਨਾਂ ਤੋਂ ਬਿਨਾਂ ਕੀੜੇ ਹਨ ਹੋਰ ਜੇਹੜੇ ਮਾਤਾ ਪੁਤਰ ਜਣਦੀ ਹੈ ਜਗਤ ਵਿਚ ਮਾਤਾ ਨੂੰ ਏਹ ਚਾਹੀਏ ਕਿ ਆਪਣੇ ਜੋਬਨ ਅਤੇ ਸੁੰਦਰ ਸਰੂਪ ਨੂੰ ਬ੍ਰਿਧ ਨਾ ਕਰੇ ਭਾਵ ਜਿਉਂ ਜਿਉਂ ਲੜਕਾ ਲੜਕੀ ਹੁੰਦਾ ਹੈ ਤਿਉਂ ਤਿਉਂ ਜੋਬਨ ਢਲਦਾ ਜਾਂਦਾ ਹੈ। ਇਸੀ ਤਰਾਂ ਨਾਟਕ ਵਿਚ ਹਿਰਦਾ ਰਾਮ ਜੀ ਨੇ, ਰਾਵਨ ਕੋ ਮੇਘਨਾਦ ਨੇ ਜੰਗ ਦੇ ਵਕਤ ਆਖਿਆ ਹੈ।

ਸਵੈਯਾ॥

ਪਰੇਮ ਸੋਂ ਨੈਨ ਵਹੈਂ ਜਸ ਗਾਂਵਤ, ਨਾਚਤ ਸਵੇਦ ਚਲਯੋ ਸਭ ਅੰਗਾ॥
ਕੈ ਰਨ ਮੈਂ ਗਹਿ ਖੱਗਭਲੀ ਬਿਧਿ, ਲੋਹੂ ਸੈਂ ਘਾਉ ਭਏ ਅਰਧੰਗਾ॥
ਏ ਦੋਊ ਪੂਤ ਜਨੇ ਜਨਨੀ ਜਗ, ਔਰ ਸਭੇ ਸੁਤ ਕੀਟ ਪਤੰਗਾ॥
ਜੱਗ ਕੋ ਠਾਕਰ ਜੱਗ ਕੋ ਜੀਵਨ, ਸੋ ਨਰ ਹੋਤ ਹੈ ਗੰਗ ਕੋ ਗੰਗਾ॥ ੧੧੮॥

**ਸੋ:॥ ਦੂਖ ਸੂਖ ਨਿਰਬਾਹ ਮਾਟੀ ਮੈ ਯਹ ਤਨ ਸਦਾ॥ ਸੰਤਨ ਕੋ ਪਰ ਰਾਹਿ ਆਸ ਤਿਆਗੋ ਆਨਕੀ॥ ੧੧੯॥**

ਟੀਕਾ—ਰੁਖੀ ਸੁਖੀ ਖਾ ਕਰ ਨਿਰਬਾਹ ਕਰੇ ਕਿਉਂ ਕਰ ਏਹ ਸਰੀਰ ਕਿਸੇ ਦਿਨ ਮਿਟੀ ਨਾਲ ਰਲ ਜਾਣਾ ਹੈ ਇਸ ਵਾਸਤੇ ਸੰਤਾਂ ਕੇ ਰਸਤੇ ਅਛੀ ਤਰਾਂ ਪਉ ਅਤੇ ਹੋਰ ਕਿਸੀ ਦੀ ਆਸ਼ਾ ਨਾ ਕਰੋ ਭਾਵ ਛਡ ਦੇਵੋ ਤੇ ਸੁਖ ਦੇਵੋ॥ ੧੧੯॥

**ਸਵੈਯਾ॥ ਜੱਗ ਮਾਨਵ ਦੇਹ ਮਿਲੇ ਨਾ ਸਦਾ ਨਰ ਰਾਮ**

Sri Satguru Jagjit Singh Ji Elibrary NamdhariElibrary@gmail.com

**ਭਜੋ ਜਿਹ ਤੇ ਸੁਖ ਪਾਵੈ॥ ਜਗ ਭੋਗ ਵਿਰਾਟਕ ਕੇ ਬਦਲੋ ਨ ਅਮੋਲਕ ਲਾਲ ਅਕਾਜ ਗਵਾਵੋ॥ ਲਰਕਾਪਨ ਜਾਠਰ ਮੇਂ ਬਲ ਖੀਨ ਸੁ ਜੋਬਨ ਮੇਂ ਦਿੜ ਪੁੰਨ ਕਮਾਵੈ॥ ਸੁਭ ਸੀਖ ਇਹੈ ਜਨ ਮਾਨ ਚਲੋ ਜਿਹ ਤੇ ਨਹਿੰ ਅੰਤ ਸਮੇਂ ਪਛਤਾਵੈ॥ ੧੨੦॥**

ਟੀਕਾ—ਏਹ ਮਨੁੱਖਾ ਦੇਹ ਫਿਰ ਨਹੀਂ ਮਿਲੇਗੀ ਜਗਤ ਵਿਚ ਇਸ ਵਾਸਤੇ ਹੇ ਪੁਰਸ਼ੋ ਈਸ਼ਵਰ ਦਾ ਨਾਮ ਜਪੋ ਤਾਂ ਤੇ ਸੁਖ ਪਾਵੋਗੇ ਅਤੇ ਜਗਤ ਕੇ ਭੋਗ ਜੋ ਹੈਗੇ ਨੇ ਸੋ ਕੌਡੀ ਕੇ ਬਰਾਬਰ ਜਾਣ ਕਰ ਛਡ ਦੇਵੋ ਅਤੇ ਜਿਨ੍ਹਾਂ ਹੀਰਿਆਂ ਲਾਲਾਂ ਦਾ ਕੋਈ ਮੁਲ ਨਾ ਪਾਵੇ ਓਹਨਾਂ ਨੂੰ ਬਿਅਰਥ ਨਾ ਗਵਾਵੋ ਫਿਰ ਕਿਆ ਬਾਲ ਬਿਰਧ ਜਵਾਨ ਤਿੰਨਾਂ ਹੀ ਅਵਸਥਾ ਵਿਚ ਅਛੀ ਤਰਾਂ ਤਕੜੇ ਹੋਕਰ ਪੁੰਨ ਕਰੋ ਹੇ ਸੰਤੋ ਅਛੀ ਸਿਖਿਆ ਹੈ ਇਹ ਮੇਰੀ ਮੰਨ ਕੇ ਸੁਖ ਪਾਵੋ ਅਤੇ ਚੰਗੇ ਰਸਤੇ ਵਿਚ ਚਲੋਂ ਜਿਸ ਵਾਸਤੇ ਅੰਤ ਦੇ ਸਮੇਂ ਸੁਖ ਪਾਵੋ ਤੇ ਨਾ ਪਛਤਾਵੋ ਸਜਣੋ॥ ੧੨੦॥

**ਜਗ ਰੂਖਨ ਸੂਖਨ ਭੋਜਨ ਕੈ ਫਲ ਫੂਲਨ ਕੈ ਤਨ ਪਾਲਨ ਕੀਜੈ॥ ਜਗ ਬੈਠ ਜਹਾਂ ਤਹ ਠੌਰ ਭਲੇ ਪ੍ਰਭ ਪਾਲਨ ਕਉ ਉਰ ਜਾਪ ਜਪੀਜੈ॥ ਤ੍ਰਿਨ ਕੋਮਲ ਬੀਨ ਬਿਛਾਇ ਭਲੇ ਦ੍ਰਿਗ ਨੀਰ ਭਰੇ ਧਰ ਮਾਹਿੰ ਸੁਈਜੈ॥ ਧਨ ਕੋ ਪਤਿ ਮੂੜ ਬਯਾਕੁਲ ਬੈਨ ਸੁ ਭੂਪਤਿ ਕੇ ਨਹਿੰ ਪਾਸ ਬਹੀਜੈ॥ ੧੨੧॥**

ਟੀਕਾ—ਇਸ ਜਗਤ ਵਿਚ ਰੁਖਾਂ ਸੁਖਾ ਅੰਨ ਖਾ ਕਰਕੇ ਅਥਵਾ ਫਲ ਫੂਲ ਦਰਖਤਾਂ ਨਾਲੋਂ ਲਾਹ ਕਰਕੇ ਛਕਨੇ ਕਰੋ ਤੇ ਇਸ ਸਰੀਰ ਨੂੰ ਪਾਲਨਾ ਕਰੋ ਫਿਰ ਇਸ ਸੰਸਾਰ ਵਿਚ ਜਿਥੇ ਕਿਥੇ ਬੈਠ ਕਰਕੇ ਅਛੀ ਜਗਾਂ ਭਲੀ ਪ੍ਰਕਾਰ ਅਕਾਲ ਪੁਰਖ ਦੇ ਪਵਿਤਰ ਜਾਪ ਨੂੰ ਜਪਨਾ ਕਰੋ ਰਿਦੇ ਵਿਚ ਫਿਰ ਘਾਸ ਦੀਆਂ ਤ੍ਰਿਤਾਂ ਨਰਮ ਨਰਮ ਚੁਨ ਚੁਨਕੇ ਹੇਠਾਂ ਵਿਛਾਇ ਲਵੋ, ਫਿਰ ਨੇਤਰਾਂ ਵਿਚ ਜਲ ਭਰਕੇ ਧਰਤੀ ਤੇ ਸ਼ੈਨ ਕਰਨੀ ਤਾਂ ਫਿਰ ਜੋ ਧਨ ਦੇ ਪਤੀ ਹਨ ਦੌਲਤ ਦੇ ਕੀੜੇ ਮੂਰਖ ਬਿਆਕੁਲ ਬਚਨ ਕਹਿਣ ਵਾਲੇ ਰਾਜੇ ਆਦਿਕ ਉਹਨਾਂ ਦੇ ਪਾਸ ਨ ਬੈਠੋ ਅਤੇ ਅਕੰਤ ਨਾਮ ਜਪੋ॥ ੧੨੧॥

**ਸੈਲ ਸਿਲਾ ਤਲ ਸੇਜ ਕਰੈ ਗਿਰ ਕੰਦਰ ਹੀ ਗ੍ਰਿਹ ਹੈ ਬਨ ਮਾਹੀ॥ ਪਾਦਪ ਛਾਲ ਸੁ ਚੀਰ ਧਰੈ ਉਰ ਨਾਮ ਸਖਾ ਮ੍ਰਿਗ ਹੈ ਬਨ ਮਾਹੀ॥ ਭੋਜਨ ਪਾਦਪ ਕੇ ਫਲ ਹੈ ਜਲ ਪਾਨ ਕਰੋ ਗਿਰਿਤਾ**

Sri Satguru Jagjit Singh Ji Elibrary NamdhariElibrary@gmail.com

**ਗਿਰਮਾਹੀ॥ ਪੇਟ ਕੇ ਹੇਤ ਨਾ ਸੇਵਤ ਜੇ ਨਰ ਤੇ ਨਰ ਈਸ਼ ਗਨੈ ਭਵ ਮਾਹੀ॥ ੧੨੨॥**

ਟੀਕਾਂ–ਪਹਾੜ ਦੀ ਸਿਲਾ ਦੇ ਉਪਰ ਸੋਜਾ ਕਰੇ ਭਾਵ ਬੈਠੇ ਫਿਰ ਪਹਾੜ ਦੀ ਕੰਦਰਾ ਹੀ ਘਰ ਜਾਨਨਾ ਕਰੇ ਜੰਗਲ ਵਿਚ ਫਿਰ ਬ੍ਰਿਛ ਦੀ ਛਿਲ ਚੀਰ ਕਰਕੇ ਬਸਤਰ ਧਾਰਨੇ ਕਰੇ ਰਿਦੇ ਵਿਚ ਈਸ਼ਵਰ ਦਾ ਨਾਮ ਧਾਰਨ ਕਰੇ ਅਤੇ ਸਖਾ ਮਿਰਗ ਹਰਨ ਆਦਿਕਾਂ ਨੂੰ ਦੋਸਤ ਸਮਝੇ ਜੰਗਲ ਦੇ ਵਿਚ ਅਤੇ ਭੋਜਨ ਜੋ ਹੈ ਸੋ ਬ੍ਰਿਛ ਫਲ ਫੁਲ ਕਰੇ ਜਲ ਪੀਣਾਂ ਕਰੇ ਜੋ ਪਹਾੜ ਵਿਚੋਂ ਡਿਗਦਾ ਹੋਵੇ ਚਸ਼ਮੇ ਵਿਚੋਂ ਸਰੇਸ਼ਟ ਹੈ ਅਤੇ ਈਸ਼ਵਰ ਉਸ ਨੂੰ ਸੰਸਾਰ ਵਿਚ ਗਿਨੀਦਾ ਹੈ ਵ ਗਯਾਨਵਾਨ ਹੈ ॥ ੧੨੨ ॥

**ਧੰਨ ਭਈ ਤਿਨ ਕੀ ਜਨਨੀ ਕਿਰਤਾਰਥ ਤਾਂ ਜਗ ਬੇਦਨ ਗਾਈ॥ ਕੁਲ ਪਾਵਨ ਜਾਂਹਿ ਕਰੀ ਸਗਰੀ ਜਗ ਧੰਨ ਭਏ ਤਿਨ ਮੀਤ ਸਖਾਈ॥ ਪਦ ਕੰਜਨ ਯਾਸ ਪੁਨੀਤ ਧਰਾ ਰਜ ਪਾਵਨ ਤੇ ਜਨ ਪਾਪ ਮਿਟਾਈ॥ ਜੋ ਭਵ ਮੰਡਲ ਮਾਂਹਿ ਭਜੇ ਖਿਣ ਏਕ ਇਕਾਗਰ ਰਾਮ ਸਹਾਈ॥ ੧੨੩॥**

ਟੀਕਾ–ਹੈ ਉਸਦੀ ਮਾਤਾ ਇਸ ਜਗਤ ਵਿਚ, ਸਫਲ ਹੈ ਉਸਦਾ ਨੌ ਮਹੀਨੇ ਪੇਟ ਵਿਚ ਭਾਰ ਚੁਕਣਾ ਓਸ ਕੋ ਵੇਦਾਂ ਨੇ ਵੀ ਸਫਲ ਗਾਵਨਾ ਕੀਤਾ ਹੈ ਤੇ ਉਹ ਵੀ ਸਫਲ ਹੋਈ ਹੈ ਫਿਰ ਉਸ ਪੁਰਖ ਨੇ ਸਭ ਕੁਲਾਂ ਪਵਿਤ੍ਰ ਕਰ ਦਿਤੀਆਂ ਹਨ ਜਗਤ ਵਿਚ ਜਨਮ ਧਾਰ ਕਰਕੇ ਤਿਸ ਕੇ ਹੋਰ ਮਿਤਰ ਦੋਸਤ ਪਿਆਰੇ ਵੀ ਧੰਨ ਹੋਏ ਹਨ, ਉਸਦੇ ਚਰਨ ਕਮਲਾਂ ਨੇ ਨਿਰਜਤਨ ਹੀ ਸਾਰੀ ਧਰਤੀ ਪਵਿਤਰ ਕੀਤੀ ਹੈ, ਫਿਰ ਉਸਦੇ ਚਰਨਾਂ ਦੀ ਧੂੜੀ ਪਵਿਤਰ ਤੇ ਜਨਾਂ ਦੇ ਪਾਪ ਮਿਟਦੇ ਹਨ ਜੇਹੜੀ ਇਸ ਸੰਸਾਰ ਕੇ ਅਸਥਾਨ ਵਿਚ ਆ ਕਰਕੇ ਈਸ਼ਵਰ ਕੋ ਯਾਦ ਕਰੇ ਇਕ ਛਿਨਮਾਤਰ ਹੀ ਭ ਵੇਂ ਏਕੰਤ ਬੈਠਕੇ ਇਕਾਗਰ ਚਿਤ ਕਰਕੇ ਉਸ ਦੀ ਈਸ਼ਵਰ ਵੀ ਰਖਿਆ ਕਰਦਾ ਹੈ ॥ ੧੨੩ ॥

**ਸ੍ਵੈਯਾ॥ ਯਹਿ ਭਾਵਰ ਸਾਂਮ੍ਰਿਤ ਕੰਠ ਧਰੇ ਸੁ ਕੁਬੁਧਿ ਜਰਾ ਸਭ ਜਾਇ ਪਲਾਈ॥ ਸੁਖ ਦੇਵ ਗੁਰਮੇਰ ਦਈ ਉਰ ਸਾਂਤਿ ਸੁਹਾਗਨ ਮੋਦ ਬਢਾਈ॥ ਅਮਰਾਤਮ ਦੇਵ ਭਯੋ ਜਗ ਮੈਂ ਉਰ ਕਾਲ**

**ਕਰਾਲ ਕੀ ਚਿੰਤ ਮਿਟਾਈ॥ ਵਹੁ ਔਰਨ ਕੇ ਦੁਖ ਦੂਰ ਕਰੈ ਪਦ ਪਾਵਨ ਸੇਵਹਿ ਨੀਤ ਲੁਕਾਈ॥ ੧੨੪॥**

ਟੀਕਾ—ਅਬ ਭਾਈ ਸਾਹਿਬ ਭਾਈ ਗੁਲਾਬ ਸਿੰਘ ਜੀ ਇਸ ਗ੍ਰੰਥ ਭਾਵਰ ਸਾਮ੍ਰਿਤਕ ਸਮਾਪਤ ਕਰਕੇ ਕਹਿੰਦੇ ਹਨ ਕਿ ਇਸ ਭਾਵਰਸਾਮ੍ਰਿਤ ਗ੍ਰੰਥ ਕੋ ਜੋ ਕੋਈ ਯਾਦ ਕਰੇਗਾ ਗਲੇ ਵਿਚ ਧਾਰਨ ਕਰੇਗਾ ਸੋ ਖੋਟੀ ਮਤੀ ਨੂੰ ਦੂਰ ਕਰੇਗਾ ਕਿਉਂਕਿ ਇਹ ਭਾਵ ਅੰਮ੍ਰਿਤ ਕੇ ਰਸ ਕੇ ਸਮਾਨ ਭਰੇ ਹੂਏ ਹਨ ਇਸ ਵਾਸਤੇ ਜਰਾ ਅਵਸਥਾ ਤੇ ਕੁਬਧੀ ਦੂਰ ਹੋ ਜਾਵੇਗੀ, ਫਿਰ ਸੁਖ ਨੂੰ ਪ੍ਰਾਪਤ ਹੋਕਰ ਦੇਵਤਿਆਂ ਕੀ ਪੁਰੀ ਜੋ ਵੈਕੁੰਠ ਅਸਥਾਨ ਹੈ ਤਿਸ ਵਿਚ ਨਿਸਚਿੰਤ ਹੋਕਰ ਸੈਲ ਕਰੇਗਾ ਸਦੀਵ ਹੀ ਫਿਰ ਰਿਦਾ ਸ਼ਾਂਤੀ ਕੇ ਸੰਜੁਗਤ ਹੋਵੇਗਾ, ਫਿਰ ਦੇਵਤਿਆਂ ਦੀਆਂ ਜੋ ਨਾਰੀਆਂ ਹਨ ਸੋ ਰਿਦੇ ਵਿਚ ਅਨੰਦ ਨੂੰ ਵਧਾਵਣਗੀਆਂ ਭਾਵ ਅਨੰਦ ਪੂਰਬਕ ਖੁਸ਼ੀ ਹੋਕਰ ਮਿਲਣਗੀਆਂ, ਫਿਰ ਦੇਵਤਿਆਂ ਕਾ ਆਤਮਾ ਬ੍ਰਹਮ ਦੇਵ ਸਰੂਪ ਹੀ ਹੋਯਾ ਜਗਤ ਵਿਚ ਫਿਰ ਰਿਦੇ ਵਿਚੋਂ ਜਨਮ ਮਰਨ ਕੀ ਚਿੰਤਾ ਉਸਨੇ ਦੂਰ ਕੀਤੀ ਓਹ ਹੋਰਨਾਂ ਦੇ ਦੁਖਾਂ ਨੂੰ ਦੂਰ ਕਰਦਾ ਹੈ ਫਿਰ ਉਸ ਕੇ ਜੋ ਚਰਨ ਕਮਲ ਹਨ ਸਾਰੀ ਸ੍ਰਿਸ਼ਟੀ ਸੇਵਨ ਕਰਦੀ ਹੈ ॥ ੧੨੪ ॥

**ਦੋਹਰਾ॥ ਗੌਰੀ ਰਾਇਆ ਮਾਤ ਪਿਤ ਸੇਖਵ ਨਗਰ ਉਦਾਰ॥ ਗੁਲਾਬ ਸਿੰਘ ਕੁਲ ਦੀਪ ਸਤ ਕਰਯੋ ਗ੍ਰੰਥ ਨਿਰਧਾਰ॥੧੨੫॥**

ਟੀਕਾ—ਅਬ ਭਾਈ ਸਾਹਿਬ ਭਾਈ ਗੁਲਾਬ ਸਿੰਘ ਜੀ ਆਪਣੇ ਮਾਤਾ ਪਿਤਾ ਕੋ ਨਮਸਕਾਰ ਕਰਦੇ ਹਨ, ਕਿ ਗੌਰੀ ਮਾਤਾ ਵੀ ਹਮਾਰੀ ਹੋ ਨਮਸਕਾਰ ਹੋਵੇ, ਫਿਰ ਰਾਇਆ ਪਿਤਾ ਵੀ ਸਾਡੇ ਕੋ ਨਮਸਕਾਰ ਹੋਵੇ ।

ਨੋਟ—ਧੰਨ ਹੈਂ ਐਸੇ ਮਾਤਾ ਪਿਤਾ ਵੀ ਜਿਨਾ ਨੇ ਐਸੇ ਐਸੇ ਬਾਲਕ ਸੰਸਾਰ ਤੇ ਪ੍ਰਗਟ ਕੀਤੇ ਹਨ ਤੇ ਓਹਨਾਂ ਦੇ ਯਸ ਲੋਕ ਗਾਂਵਦੇ ਹਨ ਕਿਉਂਕਿ ਓਹਨਾਂ ਨੇ ਉਪਕਾਰ ਜੋ ਬੜੇ ਕਰੇ ਹੈਂ ਸ੍ਰਿਸ਼ਟੀ ਕੇ ਵਾਸਤੇ ਆਪ ਦੁਖ ਸਹਾਰ ਕੇ ਲੋਕਾਂ ਕੋ ਸੁਖ ਪਹੁੰਚਾਵਣਾ ਕਰਿਆ ਹੈ, ਫਿਰ ਸੇਖਵਾ ਗ੍ਰਾਮ ਹੈ ਮਾਲਵੇ ਦੇ ਵਿਚ ਬੜਾ ਉਤਕ੍ਰਿਸ਼ਟ ਉਸ ਕੁਲ ਦੇ ਵਿਚ ਦੀਵੇ ਕੀ ਨਿਆਈਂ ਪਰਕਾਸ਼ ਕਰਨ ਵਾਲੇ ਭਾਈ ਗੁਲਾਬ ਸਿੰਘ ਜੀ ਹੋਏ, ਓਹਨਾਂ ਦੇ ਪੁਤਰ ਸਰੇਸ਼ਟ ਤਿੰਨਾਂ ਨੇ ਨਿਰਨੇ ਕਰਕੇ ਇਹ ਭਾਵਰਸਾਮ੍ਰਿਤ ਗ੍ਰੰਥ ਬਨਾਯਾ ਹੈ ॥ ੧੨੫ ॥

**ਸਵੈਯਾ॥ ਬੰਦੋਂ ਸੀਤਾਪਤਿ ਸਦਾ ਚਿਦਘਨ ਬ੍ਰਹਮ ਮੁਰਾਰਿ॥ ਤਿਲਕ ਰਾਜ ਦਿਯੋ ਭਗਤ ਕੋ ਰਾਵਣ ਕੋ ਰਣ ਮਾਰ॥ ੧੨੬॥**

ਟੀਕਾ—ਅਬ ਭਾਈ ਗੁਲਾਬ ਸਿੰਘ ਜੀ ਸ੍ਰੀ ਰਾਮ ਚੰਦਰ ਜੀ ਕੇ ਚਰਨ ਕਮਲ

Sri Satguru Jagjit Singh Ji Elibrary NamdhariElibrary@gmail.com

ਕੋ ਨਮਸਕਾਰ ਕਰਦੇ ਹਨ, ਕੈਸੇ ਹਨ ਸੀਤਾ ਕੇ ਪਤੀ ਹਨ, ਓਹਨਾ ਨੂੰ ਮੇਰੀ ਨਮਸਕਾਰ ਹੋਵੇ ਫਿਰ ਸਤ ਚਿਤ ਅਨੰਦ ਸਰੂਪ ਹਨ ਬਦਲ ਕੀ ਨਿਆਈਂ ਜਿਨ ਕੀ ਦੇਹ ਸਯਾਮ ਹੈ ਬ੍ਰਹਮਾ ਕਾ ਸਰੂਪ ਹਨ, ਮੁਰ ਨਾਮ ਦੈਂਤ ਕੇ ਅਰੀ ਹਨ, ਫਿਰ ਰਾਜ ਤਿਲਕ ਜਿਨ ਭਭੀਖਨ ਨੂੰ ਦਿਤਾ ਆਪਣਾ ਭਗਤਿ ਜਾਣ ਕਰ ਪ੍ਰੰਤੂ ਜੁਧ ਭੂਮਕਾ ਵਿਚ ਰਾਵਣ ਕੋ ਮਾਰ ਕਰਕੇ ॥ ੧੨੬ ॥

**ਗੁਰੂ ਨਾਨਕ ਗੋਬਿੰਦ ਕੇ ਮੰਜਲ ਪਾਦ ਉਧਾਰ ॥ ਨਿਸ ਦਿਨ ਪੰਕਜ ਜੋਰ ਕਰ ਭਵ ਮੋਚਕ ਸੁਖ ਕਾਰ ॥ ੧੨੭ ॥**

ਟੀਕਾ—ਸ੍ਰੀ ਗੁਰੂ ਨਾਨਕ ਸਾਹਿਬ ਆਦਿ ਤੋਂ ਲੇਕਰ ਸ੍ਰੀ ਗੁਰੂ ਗੋਬਿੰਘ ਸਿੰਘ ਜੀ ਤਿਨਕੇ ਜੋ ਨਿਰਮਲ ਚਰਨ ਹੈਂ ਉਤਕ੍ਰਿਸ਼ਟ ਉਹਨਾਂ ਨੂੰ ਮੈਂ ਰਾਤ ਦਿਨ ਨਮਸਕਾਰ ਕਰਦਾ ਹਾਂ ਹਥ ਜੋੜ ਕਰ ਕਿਉਂਕਿ ਮੇਰਾ ਸੰਸਾਰ ਦਾ ਜਨਮ ਮਰਨ ਦਾ ਦੁਖ ਨਾਸ ਕੀਤਾ ਹੈ ਅਤੇ ਸੁਖਾਂ ਦੇ ਕਰਨ ਵਾਲੇ ਹਨ ਮੇਰੇ ਸਤਿਗੁਰੂ ਸਾਹਿਬ।

ਸ਼ੰਕਾ

ਤੁਸਾਂ ਦਸਾਂ ਹੀ ਪਾਤਸ਼ਾਹੀਆਂ ਕੋ ਕੈਸੇ ਨਮਸਕਾਰ ਜਾਣੀ ਕਿ ਭਾਈ ਸਾਹਿਬ ਜੀ ਨੇ ਕਰੀ ਹੈ।

ਉੱਤਰ:—ਕਟਾਹ ਕੁੰਡਲ ਨਯਾਇ ਕੋ ਮੰਗਲ ਕੀਤਾ ਹੈ ਕਿਉਂਕਿ ਕੜਾਹੇ ਕੇ ਕੁੰਡੇ ਪਕੜ ਕੇ ਉਠਾਈਏ ਤਾਂ ਵਿਚੋਂ ਆਪੇ ਹੀ ਉਠ ਆਂਵਦਾ ਹੈ।

ਸ਼ੰਕਾ:—ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਦਸਮ ਪਾਤਸ਼ਾਹ ਸੋਢੀ ਬੰਸ ਕੋ ਗੋਬਿੰਦ ਕਿਉਂ ਕਹਾ ?

ਉੱਤਰ:—ਸੂਰਜ ਪ੍ਰਕਾਸ਼ ਗ੍ਰੰਥ ਵਿਚ ਜੋ ਬਵਿੰਜਾਹ ਕਵੀਆਂ ਦੇ ਕਵਿਤ ਹਨ ਤਿਨ੍ਹਾਂ ਵਿਚ ਵੀ ਬਹੁਤ ਜਗ੍ਹਾ ਗੋਬਿੰਦ ਹੈ ਭਾਵ ਜਦ ਸ੍ਰੀ ਗੁਰੂ ਮਹਾਰਾਜ ਜੀ ਨੇ ਅੰਮ੍ਰਿਤ ਪੰਜਾਂ ਪਿਆਰਿਆਂ ਪਾਸੋਂ ਨਹੀਂ ਸੀ ਛਕਿਆ ਤਦ ਦੇ ਕਵੀਆਂ ਦੇ ਕਵਿਤ ਬਣੇ ਹੋਏ ਹੈਂ ॥ ੧੨੭ ॥

**ਜਾ ਪਦ ਪੰਕਜ ਹੇਰ ਕੈ ਹਰਯੋ ਨਿਖਲ ਭਵ ਭਾਰ ॥ ਵਿਦਯਾ ਗੁਰੂ ਉਦਾਰ ਕੋ ਬੰਦੋਂ ਮਸਤਕ ਧਾਰ ॥ ੧੨੮ ॥**

Sri Satguru Jagjit Singh Ji Elibrary NamdhariElibrary@gmail.com

ਟੀਕਾ—ਜਿਸ ਸ੍ਰੀ ਮਾਨ ਮਾਨ ਸਿੰਘ ਵਿਦਯਾ ਗੁਰੂ ਕੇ ਚਰਨ ਕਮਲ ਦੇਖ ਕਰਕੇ ਦੂਰ ਕਰ ਦਿਤਾ ਹੈ ਸਾਰਾ ਸੰਸਾਰ ਦਾ ਦੁਖ ਐਸੇ ਜੋ ਮੇਰੇ ਵਿਦਯਾ ਉਤਕ੍ਰਿਸ਼ਟ ਹੈਂ ਤਿਨ ਕੋ ਮੈਂ ਨਮਸਕਾਰ ਕਰਦਾ ਹਾਂ ਪ੍ਰੰਤੂ ਧਰਤੀ ਤੇ ਮਥਾ ਕਰਕੇ ॥

ਸ਼ੰਕਾ:—ਵਿਦਯਾ ਤੇ ਏਹਨਾਂ ਨੇ ਪੰਡਤਾਂ ਕਾਂਸ਼ੀ ਦਿਆਂ ਪਾਸੋਂ ਪੜ੍ਹੀ ਸੀਂ ?

ਉੱਤਰ:—ਏਹਨਾਂ ਪਾਸੋਂ ਵੀ ਪੜ੍ਹੀ ਨਾਲੇ ਦਸਮ ਪਾਤਸ਼ਾਹ ਕੇ ਪਾਸ ਰਹੇ ਸੀ ਉਸ ਜਗ੍ਹਾ ਤੇ ਜੋ ਗੁਰਮੰਤਰ ਮਿਲਿਆ ਸ੍ਰੀ ਭਾਈ ਮਾਨ ਸਿੰਘ ਜੀ ਕੋ ਸੋ ਭਾਈ ਗੁਲਾੱਬ ਸਿੰਘ ਕੋ ਪ੍ਰਾਪਤ ਹੋਆ ਸੀ ਇਸ ਕਰਕੇ ਜੋ ਪੰਡਤਾਂ ਪਾਸੋਂ ਥੋਹੜੀ ਹੀ ਵਿਦਯਾ ਪੜ੍ਹੀ ਸੀ ਪ੍ਰੰਤੂ ਓਹ ਬੜੀ ਵਧ ਗਈ ਗੁਰੂ ਮਹਾਰਾਜ ਦੀ ਕਿਰਪਾ ਕਰਕੇ ਸਾਰੀ ਉਮਰ ਦੀ ਪੰਡਤ ਦੀ ਵਿਦਯਾ ਛਿਆਂ ਸਾਲਾਂ ਵਿਚ ਪੜ੍ਹ ਗਏ ਸੀ ਤਾਂ ਤੇ ਵਿਚਾਰਿਆ ਜਾਂਦਾ ਹੈ ਕਿ ਕੁਛ ਸ਼ਕਤਿ ਭੀ ਹੈਸੀ ॥ ੧੨੮ ॥

**ਸ੍ਵੈਯਾ ॥ ਮੋ ਮਦਕਾਛਰ ਲੋਹ ਦਗਾ ਮਲ ਸੰਭ ਕਬੀ ਉਰ ਮਾਂਹਿ ਨਾ ਧਾਰੋ ॥ ਰਾਹ ਅਬੋ ਸਖਿ ਦੇ ਮਰਿਯੰਧਮ ਮਾਵ ਸਦਾ ਉਰ ਤੇ ਨਹਿ ਟਾਰੋ॥ ਸਾਂਗ ਭਵੇ ਸੁਸ ਪੰਚ ਇਨੀ ਤਰ ਜੋ ਦਨ ਦਾ ਫਲ ਨੇਤ ਸੰਭਾਰੋ॥ ਜੋ ਇਨ ਤੇ ਹਰਿ ਨਾਂਹਿ ਮਿਲੇ ਤਬ ਜਾਮਨ ਸਿੰਘ ਗੁਲਾਬ ਤੁਮਾਰੋ॥ ੧੨੯॥**

| | | | | | | | |
|---|---|---|---|---|---|---|---|
| ਮੋ | ਮ | ਦ | ਕਾ | ਛ | ਰ | ਲੋ | ਕਬੀ ਉਰ ਮਾਹਿ ਨ ਧਾਰੋ |
| ਹ | ਮ | ਗਾ | ਮ | ਲ | ਸ | ਭ | ਏਹਨਾਂ ਚੀਜ਼ਾਂ ਨੂੰ ਕਦੀ ਵੀ ਰਿਦੇ ਵਿਚ ਨ ਰਖੋ |

ਨੋਟ:—ਇਸ ਢੰਗ ਨਾਲ ਬਹੁਤ ਸੁਖੈਨ ਹੋ ਗਿਆ ਹੈ ਭਾਵ ਕਿ ਦਰਪਨ ਕੀ ਨਯਾਈਂ ਚਾਹਿ ਕਵੀ ਕਾ ਪਾਠ ਪੜ੍ਹੋ ਚਾਹਿ ਟੀਕਾਕਾਰ ਕਾ ਅਰਥ ਯਾਦ ਕਰੋ—ਮੋਹ, ਮਦ, ਦਗਾ, ਕਾਮ, ਛਲ, ਰਸ, ਲੋਭ, ਏਹਨਾਂ ਨੂੰ ਰਿਦੇ ਵਿਚ ਕਦੀ ਨਾ ਧਾਰੋ ।

| | | | | | | | |
|---|---|---|---|---|---|---|---|
| ਰਾ | ਹ | ਅ | ਬੋ | ਸ | ਖਿ | ਦੇ | ਸਦਾ ਉਰ ਤੇ ਨਹਿ ਟਾਰੋ |
| ਮ | ਰਿ | ਯੰ | ਧ | ਮ | ਮਾ | ਵ | ਏਹਨਾਂ ਨੂੰ ਰਿਦੇ ਵਿਚੋਂ ਨਾ ਕਢੋ |

ਨੋਟ:—ਸਤ ਸਤ ਅਖਰ, ਦੋਹਾਂ ਪੰਗਤੀਆਂ ਦੇ ਛਡ ਕੇ ਅਗੇ ਅਠਵੇਂ ਅੱਖਰ

ਨੂੰ ਪਕੜ ਕੇ ਚੌਧਵੇਂ ਤਕ ਲਗਾਈ ਜਾਵੇ, ਰਾਮ ਹਰਿ, ਅਜੈ, ਬਧ, ਖਿਮਾ, ਦੇਵ, ਏਨੀ ਨੂੰ ਰਿਦੇ ਵਿਚੋਂ ਸਦੀਵ ਹੀ ਨਾ ਗਵਾਓ।

| | | | | | | | | | | |
|---|---|---|---|---|---|---|---|---|---|---|
| ਸਾਂ | ਗੁ | ਭ | ਵੇ | ਸੁ | ਸ | ਪੰ | ਚ | ਇ | ਨੀ | ਸੰਭਾਰੋ |
| ਤ | ਰ | ਜੋ | ਦ | ਨ | ਦਾ | ਥ | ਲ | ਨ | ਤ | ਸੰਭਾਲਨ ਕਰੋ |
| ਸ਼ਾਂਤੀ ਦੇ ਗੁਰੂ ਯਾਦ ਰਖੋ | | | ਦੇਵ ਨੂੰ ਸੁਣਨਾ ਕਰੋ ਸਦੀਵ ਹੀ | | | | ਸੰਤਾਂ ਦੇ ਰਸਤੇ ਚਲੋ | | ਏਹਨਾਂ ਨੂੰ ਸਦੀਵ ਹੀ | ਯਾਦ ਰਖੋ ਮਨ ਵਿਚ |

ਨੋਟ:—ਇਸ ਪੰਗਤੀ ਦੇ ਦਸ ਅੱਖਰ ਪਹਿਲੇ ਗਿਣ ਲੈਣੇ ਫਿਰ ਅਗੇ ਗਯਾਰਵੀਂ ਅੱਖਰ ਪਕੜ ਕੇ ਬੀਸਵੇਂ ਤਕ ਲਗਾਈ ਚਲੋ, ਭਾਈ ਗੁਲਾਬ ਸਿੰਘ ਜੀ ਆਖਦੇ ਹਨ ਜੋ ਇਹਨਾਂ ਚੀਜ਼ਾਂ ਕਰਕੇ ਤੁਹਾਨੂੰ ਅਕਾਲ ਪੁਰਖ ਨਾ ਮਿਲੇ ਤਾਂ ਫਿਰ ਤੁਹਾਡਾ ਜਾਮਨ ਮੈਂ ਬਨਾਂਗਾ ਵ ਬਨਿਆਂ ਹੋਇਆ ਹਾਂ!

ਨੋਟ:—ਇਸ ਤਰਹ ਦੀ ਚਿਤ੍ਰ ਕਵਿਤਾ ਚਿਤ੍ਰ ਬਿਲਾਸ ਗ੍ਰੰਥ ਵਿਚ ਬਹੁਤ ਹੈ ਜੋ ਅੰਮ੍ਰਿਤ ਰਾਇ ਕਵਿਰਾਜ ਦਾ ਬਨਾਯਾ ਹੂਆ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਵੀ ਸਰਾਪ ਲੈ ਕਰ ਆਯਾ ਸੀ ਬਖਸ਼ਾਵਨ ॥ ੧੨੯ ॥

**ਸ੍ਵੈਯਾ ॥ ਸਤ ਅਸਟਦਸਾ ਸੁਭ ਸੰਮਤ ਥੋ ਪੁਨ ਤ੍ਰਿੰਸਤ ਚਾਰ ਭਏ ਅਧਿਕਾਈ ॥ ਘਨ ਪੂਰ ਰਹੇ ਦਿਸ ਚਾਰ ਘਨੇ ਪੁਨ ਮੰਦ ਸਮੀਰ ਸੁ ਬੂੰਦ ਸੁਹਾਈ ॥ ਸਸਿ ਪੂਰਣਮਾਂ ਰਵਿ ਬਾਸਰ ਥੋ ਸੁਧ ਹਾੜ ਸਮਾਪਤ ਕੀ ਤਿਥਿ ਪਾਈ ॥ ਦਿਨ ਤਾਹਿੰ ਸਮਾਪਤ ਗ੍ਰੰਥ ਭਯੋ ਹਰਿ ਕੇ ਪਦ ਪੰਕਜ ਭੇਟ ਚੜ੍ਹਾਈ ॥ ੧੩੦ ॥**

(ਸਤ, ੧੦੦) (ਅਸ਼ਟ, ੮) (ਦਸਾ, ੧੦) ਬੜਾ ਪਵਿਤਰ ਸੰਮਤ ਸੀ ਫਿਰ (ਤ੍ਰਿੰਸਤ, ੩੦) ਤੇ (ਪਾਂਚ, ੫) ਉਪਰ ਹੋਏ ਸੀ ਭਾਵ ਅਠਾਰਹ ਸੈ ਪੈਂਤੀ ਸੰਮਤ ਸੀ ਫਿਰ ਉਸ ਸਮੇਂ ਚਾਰੋਂ ਹੀ ਬੰਨੇ ਬਦਲ ਬਰਸ ਰਿਹਾ ਸੀ ਬਹੁਤ ਸਾਰਾ ਪੁਨਾ ਮੰਦ ਮੰਦ ਪਵਨ ਗਵਨ ਕਰ ਰਹੀ ਸੀ ਨਿਕੀਆਂ ਨਿਕੀਆਂ ਬੂੰਦਾਂ ਪੈ ਰਹੀਆਂ ਸਨ ਸੋਭਨੀਕ ਫਿਰ ਚੰਦਰਮਾਂ ਦੀ ਪੂਰਨਮਾਸ਼ੀ ਸੀ ਅਤੇ ਐਤਵਾਰ ਸੀ ਜੋ ਸੂਰਜ ਕਾ ਦਿਨ ਸੀ ਹਾੜ ਦਾ ਮਹੀਨਾ ਸੀ ਉਸੀ ਤਿਥੀ ਦੇ ਵਿਚ ਗ੍ਰੰਥ ਭਾਵਰਸਾਮ੍ਰਿਤ ਦੀ ਸਮਾਪਤੀ ਕਰੀ ਹੈ ਅਕਾਲ ਪੁਰਖ ਕੇ ਚਰਨ ਕਮਲ ਕੋ ਭੇਟਾ ਚੜਾ ਕਰਕੇ ਭਾਵ ਏਹੁ ਹੀ

Sri Satguru Jagjit Singh Ji Elibrary NamdhariElibrary@gmail.com

ਭੇਟਾ ਹੈ ਜੋ ਮੈਂ ਗ੍ਰੰਥ ਕੋ ਸਮਾਪਤ ਕਰ ਦਿਤਾ ਹੈ।
ਭਾਵ ਦੂਜਾ ਏਹ ਗ੍ਰੰਥ ਹੀ ਓਹਨਾਂ ਦੇ ਨਿਮਿਤ ਬਨਾਯਾ ਹੈ॥ ੧੩੦॥

**ਇਤੀ ਸ੍ਰੀ ਮਤਿ ਮਾਨ ਸਿੰਘ ਚਰਣ ਸਿਖਤ
ਗੁਲਾਬ ਸਿੰਘੇਨ ਗੌਰੀ ਰਾਇਆ ਆਤਮਜੇਨ
ਵਿਰਚਤੇ ਭਾਵਰਸਾਂਮ੍ਰਿਤਿ**

**ਸਮਾਪਤੰ**

**ਇਤਿ ਸ੍ਰੀ ਗ੍ਰੰਥ ਭਾਵਰ ਸਾਂਮ੍ਰਿਤ ਸਟੀਕ
ਕਵਿਰਾਜ ਬਿਸ਼ਨ ਸਿੰਘ ਗਯਾਨੀ ਵਿਰਚਤੇ
॥ ਸ਼ੁਭ ਮਸਤ ਸ਼ੁਭ ਮਸਤ ਸ਼ੁਭ ਮਸਤ ਸਮਾਪਤੰ ॥**

**ਦੋਹਰਾ॥ ਸੰਮਤ ਉਗਨਸ ਪੈਂਠ ਵਰ ਕਰਿਯੋ ਸਮਾਪਤ ਗ੍ਰੰਥ ॥ ਪਢੈ ਪ੍ਰੇਮ ਸੇ ਜੋ ਇਸੇ ਪਾਵੇ ਹਰਿ ਕੋ ਪੰਥ॥ ਕਵਿ ਕੁਲ ਭੂਸ਼ਨ ਬਿਸ਼ਨ ਹਰਿ ਲਵਪੁਰ ਕਰਤ ਨਿਵਾਸ॥ ਸ੍ਰੀ ਗੁਰ ਆਦਤਯ ਸ਼ਾਲ ਮੈ ਕੀਨੀ ਅਬੇ ਪ੍ਰਕਾਸ਼॥**

ਗੁਰ ਰਤਨ ਪ੍ਰਿੰਟਿੰਗ ਪਰੈਸ, ੭੨ ਅਜ਼ੀਡ ਨਗਰ, ਅੰਮ੍ਰਿਤਸਰ ਵਿਚ ਛਪਿਆ।

Sri Satguru Jagjit Singh Ji Elibrary NamdhariElibrary@gmail.com

ਵਧੀਆ—ਵਧੀਆ

# ਕਿੱਸੇ ਕਹਾਣੀਆਂ

ਹੇਠ ਲਿਖੀਆਂ ਪੁਸਤਕਾਂ ਰਿਐਤੀ ਮੰਗਵਾਓ

| | | | |
|---|---|---|---|
| ਪੂਰਨ ਕਾਦਰਯਾਰ | ੧) | ਰਾਜਾ ਨਲ ਦਮਯੰਤੀ | ੬) |
| ਸੋਹਨੀ ਫਜ਼ਲ ਸ਼ਾਹ | ੧) | ਕਿਸਾ ਦੁਲਾ ਭਟੀ | ੧) |
| ਸ਼ਾਹ ਬਹਿਰਾਮ | ੧) | ਹੀਰ ਭਗਵਾਨ ਸਿੰਘ | ੧) |
| ਰੂਪ ਬਸੰਤ | ੧) | ਬਾਬਾ ਦੀਪ ਸਿੰਘ | ੧) |
| ਕਾਫੀਆ ਈਸ਼ਰ ਦਾਸ | ੧) | ਸ਼ਾਹ ਮੁਹਮਦ | ੧) |
| ਤੋਤਾ ਮੈਨਾ ਵਡਾ | ੩) | ਜਨਮ ਲੀਲ੍ਹਾ | ੧) |
| ਦਿਲ ਖੁਰਸ਼ੈਦ | ੧) | ਰੂਪ ਬਸੰਤ ਦੌਲਤ ਰਾਮ | ੩) |
| ਤੋਤਾ ਮੈਨਾ ਛੋਟਾ | ੧) | ਹੀਰ ਵਾਰਸ ਸ਼ਾਹ | ੮) |
| ਦਸ਼ਮੇਸ਼ ਦੁਲਾਰੇ | ੧॥) | ਕਥਾ ਪੂਰਨਵਾਸ਼ੀ | ੧) |
| ਸਪੁਤ੍ਰ ਬਿਲਾਸ | ੩) | | |

ਹਰ ਕਿਸਮ ਦੇ ਕਿੱਸੇ ਕਹਾਣੀਆਂ ਮੰਗਾਉਣ ਦਾ ਪਤਾ :

## ਜਵਾਹਰ ਸਿੰਘ ਕ੍ਰਿਪਾਲ ਸਿੰਘ ਐਂਡ ਕੋ:

ਪੁਸਤਕਾਂ ਵਾਲੇ, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ